# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 22* Issue 83 | Thursday, April 28, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ










## ਸੁਡਾਨ ਤੋਂ ਕੈਨੇਡੀਅਨਜ਼ ਨੂੰ ਏਅਰਲਿਫਟ ਰਾਹੀਂ ਬਾਹਰ ਕੱਢਣ ਲਈ ਕੈਨੇਡਾ ਜਾਰੀ ਰੱਖੇਗਾ ਕੋਸ਼ਿਸ਼ਾਂ : ਟਰੂਡੋ

ਓਟਵਾ, 26 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਸੁਡਾਨ ਤੋਂ ਕੈਨੇਡੀਅਨ ਨਾਗਰਿਕਾਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ਾਂ ਜੰਗੀ ਪੱਧਰ ਉੱਤੇ ਜਾਰੀ ਹਨ। ਉਨ੍ਹਾਂ ਦੱਸਿਆ ਕਿ ਦੋ ਮਿਲਟਰੀ ਵੈਸਲ ਕੈਨੇਡਾ ਦੇ ਤਟ ਉੱਤੇ ਪਹੁੰਚ ਵੀ ਚੁੱਕੇ ਹਨ।



ਟਰੂਡੋ ਨੇ ਆਖਿਆ ਕਿ ਸੁਡਾਨ ਤੋਂ ਕੈਨੇਡੀਅਨ ਨਾਗਰਿਕਾਂ ਨੂੰ ਕੱਢਣ ਲਈ ਫੈਡਰਲ ਸਰਕਾਰ ਆਪਣੇ ਭਾਈਵਾਲਾਂ ਨਾਲ ਰਲ ਕੇ ਕੰਮ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸੁਡਾਨ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਮਿਲਟਰੀ ਤੇ ਵਿਰੋਧੀ ਪਾਰਲੀਆਮੈਂਟਰੀ ਗਰੁੱਪ ਦਰਮਿਆਨ ਸੰਘਰਸ਼ ਛਿੜ ਗਿਆ ਸੀ। ਇਸ ਦੌਰਾਨ ਸੈਂਕੜੇ ਲੋਕ ਮਾਰੇ ਜਾ ਚੁੱਕੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜ਼ਖ਼ਮੀ ਹੋਏ ਹਨ। ਟਰੂਡੋ ਨੇ ਆਖਿਆ ਕਿ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ। ਉਸ ਮੁਲਕ ਵਿੱਚ ਅਜਿਹੀਆਂ ਬਹੁਤ ਘੱਟ ਥਾਂਵਾਂ ਬਚੀਆਂ ਹਨ ਜਿੱਥੋਂ ਇਨ੍ਹਾਂ ਲੋਕਾਂ ਨੂੰ ਏਅਰਲਿਫਟ ਕਰਕੇ ਲਿਆਂਦਾ ਜਾ ਸਕਦਾ ਹੈ।

ਸੋਮਵਾਰ ਨੂੰ ਟਰੂਡੋ ਨੇ ਇਹ ਆਖਿਆ ਸੀ ਕਿ ਜਰਮਨੀ ਦੇ ਜਹਾਜ਼ ਉੱਤੇ 58 ਕੈਨੇਡੀਅਨ ਸੁਡਾਨ ਤੋਂ ਬਾਹਰ ਆਉਣ ਵਿੱਚ ਕਾਮਯਾਬ ਰਹੇ ਹਨ ਤੇ ਸੀ-17 ਟਰਾਂਸਪੋਰਟ ਪਲੇਨ ਵੀ ਇਲਾਕੇ ਵਿੱਚ ਮੌਜੂਦ ਸੀ। ਰੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਐਚਐਮਸੀਐਸ ਮਾਂਟਰੀਅਲ ਤੇ ਸਪਲਾਈ ਸ਼ਿੱਪ ਐਮਵੀ ਐਸਟ੍ਰਿਕਸ ਆਪਣਾ ਟਾਸਕ ਪੂਰਾ ਕਰਨ ਲਈ ਰੈੱਡ ਸੀਅ ਦੇ ਉੱਤੇ ਸੀ। ਮੰਗਲਵਾਰ ਨੂੰ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ 100 ਤੋਂ ਵੱਧ ਹੋਰ ਕੈਨੇਡੀਅਨ ਸੁਡਾਨ ਤੋਂ ਬਾਹਰ ਕੱਢ ਲਏ ਜਾਣਗੇ। ਕੈਨੇਡੀਅਨਜ਼ ਨੂੰ ਬਾਹਰ ਕੱਢਣ ਵਿੱਚ ਮਦਦ ਕਰਨ ਵਾਸਤੇ ਉਨ੍ਹਾਂ ਜਰਮਨੀ, ਫਰਾਂਸ, ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ।

## ਕੈਨੇਡਾ ਦੀ ਸੈਕਸ ਓਫੈਂਡਰਜ਼ ਰਜਿਸਟਰੀ ਵਿੱਚ ਤਬਦੀਲੀਆਂ ਲਈ ਲਿਬਰਲਾਂ ਨੇ ਪੇਸ਼ ਕੀਤਾ ਬਿੱਲ

ਓਟਵਾ, 26 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇੱਕ ਬਿੱਲ ਪੇਸ਼ ਕੀਤਾ ਗਿਆ ਹੈ ਤੇ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਕੈਨੇਡਾ ਦੇ ਸੈਕਸ ਓਫੈਂਡਰਜ਼ ਦੀ ਰਜਿਸਟਰੀ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ। ਇਸ ਦੌਰਾਨ ਇਹ ਤੈਅ ਕੀਤਾ ਜਾਵੇਗਾ ਕਿ ਕਿਸੇ ਸੈਕਸ ਓਫੈਂਡਰ ਨੂੰ ਨੈਸ਼ਨਲ ਟਰੈਕਿੰਗ ਸਿਸਟਮ ਦੀ ਕਿਸ ਵੰਨਗੀ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਦਕਿ ਅਜਿਹੇ ਜੁਰਮਾਂ ਨੂੰ ਨਾ ਦੁਹਰਾਉਣ ਵਾਲਿਆਂ ਨੂੰ ਇਸ ਟਰੈਕਿੰਗ ਸਿਸਟਮ ਵਿੱਚ ਰਜਿਸਟਰ ਕਰਨ ਤੋਂ ਛੋਟ ਵੀ ਦਿੱਤੀ ਜਾ ਸਕਦੀ ਹੈ।

ਮੌਜੂਦਾ ਕਾਨੂੰਨ ਵਿੱਚ ਪ੍ਰਸਤਾਵਿਤ ਤਬਦੀਲੀਆਂ ਅਕਤੂਬਰ 2022 ਦੇ ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਗਈਆਂ ਹਨ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ ਜਿਨਸੀ ਜੁਰਮ ਕਰਨ ਵਾਲੇ ਸਾਰੇ ਲੋਕਾਂ ਨੂੰ ਆਟੋਮੈਟਿਕ ਢੰਗ ਨਾਲ ਰਜਿਸਟਰ ਕਰਨ ਦੀ ਪਿਰਤ ਗੈਰਸੰਵਿਧਾਨਕ ਹੈ। ਇਸ ਸਿਸਟਮ ਨਾਲ ਟਰੈਕਿੰਗ ਰਿਕਾਰਡ ਵਿੱਚ ਉਨ੍ਹਾਂ



ਲੋਕਾਂ ਦੇ ਨਾਂ ਵੀ ਹਮੇਸ਼ਾਂ ਲਈ ਸ਼ਾਮਲ ਹੋ ਜਾਂਦੇ ਹਨ ਜਿਨ੍ਹਾਂ ਨੇ ਇੱਕ ਸੈਕਸੂਅਲ ਜੁਰਮ ਕੀਤਾ ਹੁੰਦਾ ਹੈ।

ਕ੍ਰਿਮੀਨਲ ਕੋਰਟ ਦੇ ਇਨ੍ਹਾਂ ਪ੍ਰਬੰਧਾਂ ਨੂੰ ਖਾਰਜ ਕਰਦਿਆਂ ਸੁਪਰੀਮ ਕੋਰਟ ਨੇ ਇਸ ਫੈਸਲੇ ਬਾਰੇ ਆਪਣੀ ਰਾਇ ਰੱਖਣ ਲਈ ਪਾਰਲੀਆਮੈਂਟ ਨੂੰ ਇੱਕ ਸਾਲ ਦਾ ਸਮਾਂ ਦਿੱਤਾ ਸੀ। ਇਸ ਸਬੰਧੀ ਬਿੱਲ ਐਸ-12 ਬੁੱਧਵਾਰ ਨੂੰ ਸੈਨੇਟਰ ਮਾਰਕ ਗੋਲਡ ਵੱਲੋਂ ਸੈਨੇਟ ਵਿੱਚ ਪੇਸ਼ ਕੀਤਾ ਗਿਆ। ਇਹ ਬਿੱਲ ਪਹਿਲਾਂ ਸੈਨੇਟ ਵਿੱਚੋਂ ਲੰਘੇਗਾ ਤੇ ਫਿਰ ਹਾਊਸ ਵਿੱਚ ਇਸ ਦੀ ਚਰਚਾ ਹੋਵੇਗੀ। ਇਸ ਦੌਰਾਨ ਕ੍ਰਿਮੀਨਲ ਕੋਡ, ਸੈਕਸ ਓਫੈਂਡਰਜ਼ ਇਨਫਰਮੇਸ਼ਨ ਰਜਿਸਟ੍ਰੇਸ਼ਨ ਐਕਟ ਤੇ ਦ ਇੰਟਰਨੈਸ਼ਨਲ ਟਰਾਂਸਫਰ ਆਫ ਅਫੈਂਡਰਜ਼ ਐਕਟ ਵਿੱਚ ਸੋਧਾਂ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਮੌਕੇ ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਆਖਿਆ ਕਿ ਸੈਕਸੂਅਲ ਜੁਰਮ ਹਿੰਸਾ ਦਾ ਸੱਭ ਤੋਂ ਕੋਝਾ ਰੂਪ ਹੁੰਦੇ ਹਨ। ਇਸ ਦੇ ਸ਼ਿਕਾਰ, ਜੋ ਕਿ ਬਹੁਤਾ ਕਰਕੇ ਮਹਿਲਾਵਾਂ ਤੇ ਕੁੜੀਆਂ ਹੁੰਦੀਆਂ ਹਨ, ਦੀ ਜ਼ਿੰਦਗੀ ਉੱਤੇ ਬਹੁਤ ਤਬਾਹਕੁੰਨ ਅਸਰ ਰਹਿੰਦਾ ਹੈ। ਪੁਲਿਸ ਕੋਲ ਅਜਿਹੇ ਮਾਮਲਿਆਂ ਦੀ ਪੜਤਾਲ ਲਈ ਲੋੜੀਂਦੇ ਟੂਲ ਹੋਣੇ ਜ਼ਰੂਰੀ ਹਨ ਤਾਂ ਕਿ ਇਸ ਤਰ੍ਹਾਂ ਦੇ ਜੁਰਮ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾ ਸਕੇ। ਇਸ ਮੌਕੇ ਲਾਮੇਟੀ ਦੇ ਨਾਲ ਵੂਮਨ ਐਂਡ ਜੈਂਡਰ ਇਕੁਆਲਿਟੀ ਐਂਡ ਯੂਥ ਮੰਤਰੀ ਮਾਰਸੀ ਲੈਨ ਵੀ ਮੌਜੂਦ ਸਨ।

## ਡੇਢ ਸਾਲ ਤੱਕ ਮਹਿਲਾ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਡੇਢ ਸਾਲ ਤੋਂ ਇੱਕ ਮਹਿਲਾ ਨੂੰ ਧੱਕੇ ਨਾਲ ਬੰਧੀ ਬਣਾ ਕੇ ਰੱਖਣ ਤੇ ਕਈ ਵਾਰੀ ਉਸ ਉੱਤੇ ਜਿਨਸੀ ਹਮਲਾ ਕਰਨ ਵਾਲੇ ਟੋਰਾਂਟੋ ਦੇ ਇੱਕ ਵਿਅਕਤੀ ਨੂੰ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਉਸ ਉੱਤੇ 40 ਚਾਰਜਿਜ਼ ਲਾਏ ਗਏ ਹਨ।



ਜਾਂਚਕਾਰਾਂ ਨੇ ਦੱਸਿਆ ਕਿ ਟੋਰਾਂਟੋ ਦੇ 29 ਸਾਲਾ ਧਰੁਬੋ ਹਸਨ ਨੂੰ 21 ਅਪਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ ਹਮਲਾ ਕਰਨ ਤੇ ਹਮਲਾ ਕਰਕੇ ਗਲ ਘੁੱਟਣ ਦੇ ਛੇ ਮਾਮਲਿਆਂ, ਜਿਨਸੀ ਹਮਲੇ ਦੇ ਤਿੰਨ ਮਾਮਲਿਆਂ, 5000 ਡਾਲਰ ਤੋਂ ਘੱਟ ਦੀ ਸ਼ਰਾਰਤ ਕਰਨ ਦੇ ਤਿੰਨ ਮਾਮਲਿਆਂ, ਸਹਿਯੋਗ ਕਰਨ ਤੋਂ ਅਸਮਰੱਥ ਰਹਿਣ ਦੇ ਨੌਂ ਮਾਮਲਿਆਂ, ਹਥਿਆਰ ਨਾਲ ਹਮਲਾ ਕਰਨ, ਗੁੱਸੇ ਨਾਲ ਹਮਲਾ ਕਰਨ ਤੇ ਜ਼ਬਰਦਸਤੀ ਬੰਦ ਕਰਕੇ ਰੱਖਣ ਦੇ ਤਿੰਨ ਮਾਮਲਿਆਂ ਵਿੱਚ ਚਾਰਜਿਜ਼ ਲਾਏ ਗਏ ਹਨ।

ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ। ਜਿਸ ਮਹਿਲਾ ਉੱਤੇ ਇਹ ਸਾਰੀਆਂ ਵਧੀਕੀਆਂ ਹੋਈਆਂ ਉਸ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਜਾਂਚਕਾਰਾਂ ਨੂੰ ਡਰ ਹੈ ਕਿ ਇਸ ਵਿਅਕਤੀ ਵੱਲੋਂ ਹੋਰਨਾਂ ਮਹਿਲਾਵਾਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਗਿਆ ਹੋ ਸਕਦਾ ਹੈ। ਇਸ ਲਈ ਉਨ੍ਹਾਂ ਇਸ ਸ਼ਖ਼ਸ ਦੀਆਂ ਵਧੀਕੀਆਂ ਦਾ ਸ਼ਿਕਾਰ ਮਹਿਲਾਵਾਂ ਨੂੰ ਸਾਹਮਣੇ ਆਉਣ ਲਈ ਆਖਿਆ ਹੈ।























































# ਓਨਟਾਰੀਓ ਸਾਇੰਸ ਸੈਂਟਰ ਨੂੰ ਸ਼ਿਫਟ ਕਰਨ ਦੇ ਫੈਸਲੇ ਤੋਂ ਗੁੱਸਾ ਹਨ ਮੁਲਾਜ਼ਮ : ਯੂਨੀਅਨ




ਓਨਟਾਰੀਓ, 26 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਸ਼ਿਫਟ ਕਰਨ ਦੇ ਫੈਸਲੇ ਨੂੰ ਲੈ ਕੇ ਇੱਥੋਂ ਦਾ ਸਟਾਫ ਗੁੱਸਾ ਤੇ ਬੌਂਦਲਿਆ ਪਿਆ ਹੈ।ਉਨ੍ਹਾਂ ਦੀ ਯੂਨੀਅਨ ਦਾ ਕਹਿਣਾ ਹੈ ਕਿ ਪ੍ਰੀਮੀਅਰ ਵੱਲੋਂ ਉਨ੍ਹਾਂ ਦੇ ਮੂਡ ਬਾਰੇ ਜਿਹੜੀ ਗੱਲ ਆਖੀ ਗਈ ਹੈ ਉਹ ਅਸਲ ਵਿੱਚ ਇਸ ਤੋਂ ਬਿਲਕੁਲ ਉਲਟ ਹੈ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਓਨਟਾਰੀਓ ਸਾਇੰਸ ਸੈਂਟਰ ਨੂੰ ਸ਼ਿਫਟ ਕਰਨ ਦੇ ਫੈਸਲੇ ਨਾਲ ਮੁਲਾਜ਼ਮ ਕਾਫੀ ਖੁਸ਼ ਤੇ ਉਤਸ਼ਾਹਿਤ ਹਨ। ਪਰ ਯੂਨੀਅਨ ਨੇ ਆਖਿਆ ਕਿ ਅਜਿਹਾ ਕੁੱਝ ਵੀ ਨਹੀਂ ਹੈ। ਯੂਨੀਅਨ ਵੱਲੋਂ ਇਸ ਬਾਰੇ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਹੈ ਕਿ ਓਨਟਾਰੀਓ ਸਾਇੰਸ ਸੈਂਟਰ ਦੇ ਲੱਗਭਗ 400 ਵਰਕਰਜ਼ (ਜਿਨ੍ਹਾਂ ਦੀ ਅਗਵਾਈ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ ਕਰਦੀ ਹੈ) ਇਸ ਫੈਸਲੇ ਤੋਂ ਗੁੱਸਾ ਹਨ।ਯੂਨੀਅਨ ਨੇ ਆਖਿਆ ਕਿ ਇਸ ਵਿੱਚ ਮੁਲਾਜ਼ਮਾਂ ਨੂੰ ਕੋਈ ਫਾਇਦਾ ਤਾਂ ਨਹੀਂ ਹੋਵੇਗਾ, ਹਾਂ ਡੌਨ ਮਿੱਲਜ਼ ਦੀ ਮੌਜੂਦਾ ਲੋਕੇਸ਼ਨ ਤੋਂ ਉਨ੍ਹਾਂ ਨੂੰ ਡਾਊਨਟਾਊਨ ਵਾਲੀ ਭੀੜੀ ਥਾਂ ਉੱਤੇ ਸ਼ਿਫਟ ਕਰਨ ਨਾਲ ਕਈ ਤਰ੍ਹਾਂ ਦੇ ਨੁਕਸਾਨ ਜ਼ਰੂਰ ਹੋ ਸਕਦੇ ਹਨ।

ਓਪੀਐਸਈਯੂ ਉਨ੍ਹਾਂ ਮੁਲਾਜ਼ਮਾਂ ਦੀ ਅਗਵਾਈ ਕਰਦੀ ਹੈ ਜਿਹੜੇ ਐਗਜ਼ੀਬਿਸ਼ਨ ਦਾ ਇੰਤਜ਼ਾਮ ਕਰਦੇ ਹਨ, ਕਲਾਸਾਂ ਦਾ ਆਯੋਜਨ ਕਰਦੇ ਹਨ ਤੇ ਟੂਰ ਦਿੰਦੇ ਹਨ, ਫੂਡ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਤੇ ਟਿਕਟ ਆਦਿ ਜਾਰੀ ਕਰਦੇ ਹਨ, ਜਿਹੜਾ ਸਟਾਫ ਕੈਫੇਟੇਰੀਆ ਤੇ ਬਾਕਸ ਆਫਿਸ ਚਲਾਉਂਦਾ ਹੈ ਤੇ ਇਸ ਵਿੱਚ ਕਲੀਨਿੰਗ ਸਟਾਫ ਵੀ ਸ਼ਾਮਲ ਹੈ। ਬਹੁਤਾ ਸਟਾਫ ਇਸ ਸਾਇੰਸ ਸੈਂਟਰ ਉੱਤੇ ਪਿਛਲੇ 10 ਸਾਲਾਂ ਤੋਂ ਵੀ ਵੱਧ ਅਰਸੇ ਤੋਂ ਕੰਮ ਕਰ ਰਿਹਾ ਹੈ। ਇਹ ਮੁਲਾਜ਼ਮ ਇਸ ਇਲਾਕੇ ਦੇ ਨੇੜੇ ਹੀ ਰਹਿਣ ਵੀ ਲੱਗ ਪਏ ਹਨ।

ਸਾਇੰਸ ਸੈਂਟਰ ਦੇ ਸਟਾਫ ਦੀ ਇੱਕ ਵੱਡੀ ਚਿੰਤਾ ਇਹ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ ਇਸ ਸੈਂਟਰ ਨੂੰ ਸ਼ਿਫਟ ਕਰਨ ਨਾਲ ਕਾਫੀ ਮਾੜਾ ਅਸਰ ਪਵੇਗਾ।ਕਈਆਂ ਨੂੰ ਤਾਂ ਨੌਕਰੀ ਵੀ ਛੱਡਣੀ ਪੈ ਸਕਦੀ ਹੈ। ਕਈਆਂ ਨੂੰ ਨਵੀਂ ਥਾਂ ਉੱਤੇ ਰੋਜ਼ਾਨਾ ਪਹੁੰਚਣ ਵਿੱਚ ਵੀ ਦਿੱਕਤ ਆਵੇਗੀ।

# ਟੋਰਾਂਟੋ ਪੁਲਿਸ ਨੇ 27 ਮਿਲੀਅਨ ਡਾਲਰ ਦੀਆਂ ਚੋਰੀ ਕੀਤੀਆਂ 550 ਗੱਡੀਆਂ ਕੀਤੀਆਂ ਬਰਾਮਦ



ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਟੋਰਾਂਟੋ ਪੁਲਿਸ ਸਰਵਿਸ ਵੱਲੋਂ ਪ੍ਰੋਜੈਕਟ ਸਟੈਲੀਅਨ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਸ ਪ੍ਰੋਜੈਕਟ ਦੌਰਾਨ ਪੁਲਿਸ ਨੂੰ ਚੋਰੀ ਕੀਤੀਆਂ ਗਈਆਂ 550 ਗੱਡੀਆਂ ਮਿਲੀਆਂ ਜਿਨ੍ਹਾਂ ਦਾ ਮੁੱਲ 27 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਦੱਸਿਆ ਜਾਂਦਾ ਹੈ।

ਪੁਲਿਸ ਚੀਫ ਮਾਇਰਨ ਡੈਮਕਿਊ ਨੇ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਬਹੁਤਾ ਧਿਆਨ ਸਿਟੀ ਦੇ ਪੱਛਮੀ ਸਿਰੇ ਤੋਂ ਚੋਰੀ ਹੋਈਆਂ ਗੱਡੀਆਂ ਤੇ ਕੈਟਾਲਿਟਿਕ ਕਨਵਰਟਰਜ਼ ਉੱਤੇ ਕੇਂਦਰਿਤ ਕੀਤਾ ਗਿਆ। ਪ੍ਰੋਜੈਕਟ ਸਟੈਲੀਅਨ ਨਵੰਬਰ 2022 ਵਿੱਚ ਸ਼ੁਰੂ ਹੋਇਆ ਸੀ ਤੇ ਇਸ ਦੌਰਾਨ ਚੋਰੀ ਦੀਆਂ 556 ਗੱਡੀਆਂ ਬਰਾਮਦ ਹੋਈਆਂ ਜਿਨ੍ਹਾਂ ਦਾ ਮੁੱਲ 27 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਹੈ। ਇਸ ਦੌਰਾਨ 100 ਵਿਅਕਤੀਆਂ ਖਿਲਾਫ 300 ਤੋਂ ਵੱਧ ਚਾਰਜਿਜ਼ ਲਾਏ ਗਏ ਹਨ।

ਡੈਮਕਿਊ ਨੇ ਆਖਿਆ ਕਿ 2019 ਤੋਂ ਹੀ ਟੋਰਾਂਟੋ ਵਿੱਚ ਗੱਡੀਆਂ ਦੀਆਂ ਚੋਰੀਆਂ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਉਨ੍ਹਾਂ ਆਖਿਆ ਕਿ ਇਹ ਮੁੱਦਾ ਸ਼ਹਿਰ ਤੇ ਜੀਟੀਏ ਭਰ ਵਿੱਚ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਟੀਪੀਐਸ ਦੇ ਇਸ ਪ੍ਰੋਜੈਕਟ ਵਿੱਚ ਓਸੀਆਈਐਸ ਟੀਮ ਤੇ ਹੋਰ ਪੁਲਿਸ ਡਵੀਜ਼ਨਾਂ ਵੀ ਸ਼ਾਮਲ ਸਨ। ਇਸ ਦੌਰਾਨ ਚੋਰੀ ਦੀਆਂ ਗੱਡੀਆਂ ਬਰਾਮਦ ਕਰਨ ਤੇ ਅਜਿਹੇ ਜੁਰਮਾਂ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ ਸ਼ਿਕੰਜਾ ਕੱਸਣ ਲਈ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ। ਇਸ ਤਹਿਤ ਹੁਣ ਤੱਕ 119 ਲੋਕਾਂ ਨੂੰ ਚਾਰਜ ਕੀਤਾ ਜਾ ਚੁੱਕਿਆ ਹੈ, 314 ਚਾਰਜਿਜ਼ ਲਾਏ ਗਏ ਹਨ, 556 ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ, ਬਰਾਮਦ ਕੀਤੀਆਂ ਗੱਡੀਆਂ ਦਾ ਮੁੱਲ 27,406,120 ਡਾਲਰ ਹੈ।

## ਅੱਜ ਨਾਮਾ

ਵਿਦਿਆ ਖੇਤਰ ਦਾ ਮਾਫੀਆ ਬੜਾ ਤਕੜਾ,
ਨੇਮ-ਕਾਨੂੰਨ ਨਹੀਂ ਲਾਗੂ ਕੋਈ ਕਰੇ ਬੇਲੀ।
ਆਉਂਦਾ ਪੱਤਰ ਸਰਕਾਰ ਦਾ ਕੋਈ ਕਿਧਰੇ,
ਪੜ੍ਹਨ ਤੋਂ ਬਿਨਾਂ ਪਾਸੇ ਉਹ ਵੀ ਧਰੇ ਬੇਲੀ।
ਕਈ-ਕਈ ਸਾਲ ਤਨਖਾਹ ਹੈ ਰੋਕ ਰੱਖਦਾ,
ਮਰਦਾ ਏ ਭੁੱਖਾ ਕੋਈ ਕਦੇ, ਤੇ ਮਰੇ ਬੇਲੀ।
ਕਰ ਰਹੇ ਆਪ ਪ੍ਰਬੰਧਕ ਹਨ ਐਸ਼ ਤਕੜੀ,
ਮਹਿੰਗੀਆਂ ਕਾਰਾਂ, ਸਰਵੈਂਟ ਨੇ ਘਰੇ ਬੇਲੀ।
ਮਾਇਆ ਮੁਫਤ ਤੇ ਦਿਲ ਬੇਰਹਿਮ ਹੋ ਗਏ,
ਬਣਾ'ਤੀ ਵਿਦਿਆ ਹੈ ਸਿਰਫ ਵਪਾਰ ਬੇਲੀ।
ਭੱਠਾ ਰਹਿੰਦਾ ਵੀ ਬਹਿਣ ਤੋਂ ਨਹੀਂ ਰਹਿਣਾ,
ਜਾਗਣਾ ਜੇਕਰ ਨਹੀਂ ਸੁੱਤੀ ਸਰਕਾਰ ਬੇਲੀ।

**ਤੀਸ ਮਾਰ ਖਾਂ**

# ਕਮਰਸ਼ੀਅਲ ਬਿਲਡਿੰਗ ਵਿੱਚ ਧਮਾਕੇ ਤੋਂ ਬਾਅਦ ਲੱਗੀ ਅੱਗ



ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਇੱਕ ਇੰਡਸਟਰੀਅਲ ਪਲਾਜ਼ਾ ਵਿੱਚ ਧਮਾਕਾ ਹੋਣ ਤੇ ਅੱਗ ਲੱਗਣ ਦੇ ਮਾਮਲੇ ਦੀ ਟੋਰਾਂਟੋ ਫਾਇਰ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀ ਇਹ ਪਤਾ ਲਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਨ ਕਿ ਆਖਿਰਕਾਰ ਇਹ ਅੱਗ ਕਿਵੇਂ ਲੱਗੀ।

ਮੰਗਲਵਾਰ ਨੂੰ ਅੱਧੀ ਰਾਤ ਤੋਂ ਪਹਿਲਾਂ ਧਮਾਕੇ ਦੀਆਂ ਖਬਰਾਂ ਮਿਲਣ ਤੋਂ ਬਾਅਦ ਫਾਇਰ ਅਮਲੇ ਨੂੰ ਫਿੰਚ ਐਵਨਿਊ ਈਸਟ ਤੇ ਮਾਰਖਮ ਰੋਡ ਨੇੜੇ ਫਿੰਚਡੀਨ ਸਕੁਏਅਰ ਉੱਤੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਕ੍ਰਿਊ ਪਹੁੰਚਿਆ ਤਾਂ ਉੱਥੇ ਥੋੜ੍ਹੀ ਥੋੜ੍ਹੀ ਦੂਰੀ ਉੱਤੇ ਅੱਗ ਦੀਆਂ ਲਪਟਾਂ ਨਜ਼ਰ ਆ ਰਹੀਆਂ ਸਨ ਤੇ ਧੂੰਆਂ ਵੀ ਫੈਲਿਆ ਹੋਇਆ ਸੀ। ਕ੍ਰਿਊ ਨੇ ਪਾਇਆ ਕਿ ਪਲਾਜ਼ਾ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ।

ਉਨ੍ਹਾਂ ਦੱਸਿਆ ਕਿ ਕਈ ਯੂਨਿਟਸ ਵੀ ਨੁਕਸਾਨੀਆਂ ਗਈਆਂ ਸਨ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਤੇ ਧਮਾਕੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।






















# ਆਓ ਧਰਤੀ ਨੂੰ ਉਸਦੀ ਅਸਲ ਸੁੰਦਰਤਾ ਤੇ ਉਸਦੇ ਅਸਲ ਰੰਗ ਪ੍ਰਦਾਨ ਕਰੀਏ

ਇਸ ਧਰਤੀ ਮਾਂ ਤੇ ਰਹਿਣਾ ਬਹੁਤ ਚੰਗੀ ਗੱਲ ਹੈ ਕਿਉਂਕਿ ਸਾਨੂੰ ਸੂਰਜ ਚੜ੍ਹਦਾ ਤੇ ਸੂਰਜ ਡੁੱਬਦਾ ਦੇਖਣ ਨੂੰ ਮਿਲਦਾ ਹੈ ਠੰਢੀਆਂ ਹਵਾਵਾਂ, ਸ਼ਾਨਦਾਰ ਬਾਰਸ਼, ਬੀਚ, ਬਾਗ-ਬਗੀਚੇ ਆਦਿ ਦੇਖਣ ਨੂੰ ਮਿਲਦੇ ਹਨ।

ਅੱਜ ਪੂਰੇ ਵਿਸ਼ਵ ਭਰ ਵਿਚ ਧਰਤੀ ਦਿਵਸ ਮਨਾਇਆ ਜਾ ਰਿਹਾ ਹੈ। 1970 ਵਿਚ ਸ਼ੁਰੂ ਕੀਤੇ ਗਏ ਇਸ ਦਿਵਸ ਨੂੰ 193 ਦੇਸ਼ਾਂ ਨੇ ਖੁੱਲ੍ਹੀਆਂ ਬਾਹਾਂ ਨਾਲ ਅਪਣਾਇਆ ਅਤੇ ਅੱਜ ਦੇ ਦਿਨ ਬਹੁਤ ਸਾਰੇ ਲੋਕਾਂ ਵਲੋਂ ਧਰਤੀ ਮਾਤਾ ਦੀ ਸਾਂਭ ਸੰਭਾਲ ਲਈ ਕੁੱਝ ਚੰਗਾ ਕਰਨ ਦਾ ਪ੍ਰਣ ਲਿਆ ਜਾਂਦਾ ਹੈ। ਅੱਜ ਵਿਸ਼ਵ ਭਰ ਦੇ ਵਿਗਿਆਨੀ ਵਾਤਾਵਰਣ ਵਿਚ ਹੋ ਰਹੇ ਬਦਲਾਅ ਨੂੰ ਲੈ ਕੇ ਬੇਹੱਦ ਚਿੰਤਤ ਹਨ। ਜਿਸ ਤਰ੍ਹਾਂ ਅਸੀਂ ਡਾਇਨਾਸੋਰ, ਵੱਡੇ ਦੰਦਾਂ ਵਾਲੇ ਹਾਥੀ ਲੰਬੀ ਸਾਰੀ ਧੌਣ ਵਾਲੇ ਜਿਰਾਫ਼ ਸਮੇਤ ਹੋਰ ਬਹੁਤ ਸਾਰੇ ਜਾਨਵਰਾਂ ਬਾਰੇ ਕਿਤਾਬਾਂ ਵਿਚ ਹੀ ਪੜ੍ਹਿਆ ਜਾਂ ਸੁਣਿਆ ਹੈ।

ਓਵੇਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਘਰ ਦੇ ਵਿਹੜੇ ਵਿਚ ਚਹਿਚਹਾਉਣ ਵਾਲੀਆਂ ਚਿੜੀਆਂ, ਫੁੱਲਾਂ 'ਤੇ ਮੰਡਰਾਉਂਦੀਆਂ ਰੰਗ ਬਿਰੰਗੀਆਂ ਤਿਤਲੀਆਂ, ਭੰਵਰੇ, ਪਰਾਗ਼ ਨਾਲ ਸ਼ਹਿਦ ਬਣਾਉਂਦੀਆਂ ਮਧੂ ਮੱਖੀਆਂ, ਦਾਣੇ ਲਿਜਾਂਦੀਆਂ ਕੀੜੀਆਂ ਦਰਖ਼ਤਾਂ ਤੇ ਬੋਲਦੀਆਂ ਚਿੜ੍ਹੀਆਂ, ਛੱਤਾਂ ਤੇ ਬੋਲਦੇ ਕਬੂਤਰ ਅਤੇ ਚੀਤੇ ਵਰਗੀਆਂ ਪ੍ਰਜਾਤੀਆਂ ਦੇ ਬਾਰੇ ਵਿਚ ਕਿਤਾਬਾਂ ਜ਼ਰੀਏ ਜਾਣ ਸਕਣਗੀਆਂ। ਇਸ ਦੇ ਲਈ ਧਰਤੀ ਦੀ ਸੰਭਾਲ ਲਈ ਬਹੁਤ ਕੁੱਝ ਕਰਨ ਦੀ ਜ਼ਰੂਰਤ ਹੈ। ਧਰਤੀ ਦੇ ਤਾਪਮਾਨ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰ ਦਾ ਜਲ ਪੱਧਰ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਸਮੁੱਚੀ ਕੁਦਰਤ ਦੀ ਹੋਂਦ ਲਈ ਸੰਕਟ ਖੜ੍ਹਾ ਹੁੰਦਾ ਜਾ ਰਿਹਾ ਹੈ।

ਕੁਦਰਤ ਨਾਲ ਇੰਨਸਾਨਾਂ ਵਲੋਂ ਕੀਤੀ ਜਾ ਰਹੀ ਛੇੜਛਾੜ ਕਾਰਨ ਵਾਯੂਮੰਡਲ ਵਿਚ ਗੈਸਾਂ ਦਾ ਸੰਤੁਲਨ ਖਰਾਬ ਹੋ ਰਿਹਾ ਹੈ । ਜਿਸ ਨਾਲ ਫ਼ਸਲੀ ਚੱਕਰ ਗੜਬੜਾ ਗਿਆ ਹੈ ਅਤੇ ਧਰਤੀ ਦੀ ਉਪਜਾਊ ਸ਼ਕਤੀ ਘੱਟ ਹੋ ਗਈ ਹੈ। ਸਭ ਤੋਂ ਵੱਡੀ ਗੱਲ ਹੈ ਜੈਵ ਵਿਭਿੰਨਤਾ 'ਤੇ ਮੰਡਰਾ ਰਿਹਾ ਖ਼ਤਰਾ ਅੱਜ ਹਜ਼ਾਰਾਂ ਕਿਸਮ ਦੇ ਪੰਛੀ, ਥਣਧਾਰੀ ਅਤੇ ਕੀਟ ਪਤੰਗੇ ਅਲੋਪ ਹੋ ਰਹੇ ਹਨ ਜਾਂ ਫਿਰ ਅਲੋਪ ਹੋਣ ਕਿਨਾਰੇ ਪੁੱਜ ਗਏ ਹਨ। ਇਕ ਅਧਿਐਨ ਮੁਤਾ-ਬਕ ਵਿਸ਼ਵ ਭਰ ਵਿਚ ਕੀਟਾਂ ਦੀ ਗਿਣਤੀ ਹਰ ਸਾਲ 2.5 ਫ਼ੀਸਦੀ ਘੱਟ ਹੋ ਰਹੀ ਹੈ।

ਜਿਥੇ ਕਿ ਧਰਤੀ ਨੇ ਸਾਨੂੰ ਕਦਰ ਕਰਨ, ਇਕ ਸਿਹਤਮੰਦ ਜਿੰਦਗੀ ਜਿਉਣ ਲਈ ਬਹੁਤ ਸਾਰੀਆਂ ਚੀਜ਼ਾਂ ਦਿੱਤੀਆਂ ਹਨ। ਸਾਨੂੰ ਘੱਟੋ-ਘੱਟ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਅੱਜ ਕਿਉਂ ਮਨਾਇਆ ਜਾਂਦਾ ਹੈ, ਅਤੇ ਆਧੁਨਿਕ



ਵਿਸ਼ਵ ਵਾਤਾਵਰਣ ਬਚਾਓ ਧਰਤੀ ਦਿਵਸ ਮਨਾਉਣ ਲਈ ਕੌਣ ਜ਼ਿੰਮੇਵਾਰ ਸੀ।

ਧਰਤੀ ਦਿਵਸ ਹਰ ਸਾਲ 22 ਅਪ੍ਰੈਲ ਨੂੰ ਹੁੰਦਾ ਹੈ। ਇਹ ਇੱਕ ਅਜਿਹਾ ਦਿਨ ਹੈ ਜਿਸਦਾ ਉਦੇਸ਼ ਸਾਡੇ ਗ੍ਰਹਿ, ਇਸਦੇ ਵਾਯੂਮੰਡਲ ਅਤੇ ਇਸਦੇ ਸਾਰੇ ਜੀਵਿਤ ਪ੍ਰਾਣੀਆਂ ਦੇ ਸਤਿਕਾਰ ਅਤੇ ਸੰਭਾਲ ਨੂੰ ਉਤਸ਼ਾਹਿਤ ਕਰਨਾ ਹੈ। ਹਾਂ, ਇਸਦਾ ਮਤਲਬ ਹੈ ਤੁਸੀਂ, ਮਨੁੱਖ, ਪਰ ਇਸ ਵਿੱਚ ਚਮਗਿੱਦੜ, ਕੈਕਟੀ ਅਤੇ ਪਲੈਂਕਟਨ ਵੀ ਸ਼ਾਮਲ ਹਨ, ਸਿਰਫ ਕੁਝ ਨਾਮ ਕਰਨ ਲਈ।

ਧਰਤੀ ਦਿਵਸ ਇੱਕ ਜਾਗਰੂਕਤਾ ਦਿਵਸ ਹੈ। ਮੈਨੂੰ ਲਗਦਾ ਹੈ ਕਿ ਇਹ ਉਹਨਾਂ ਲੋਕਾਂ ਦੀਆਂ ਕਹਾਣੀਆਂ ਬਾਰੇ ਹੋਣੀ ਚਾਹੀਦੀ ਹੈ ਜੋ ਸਾਡੇ ਗ੍ਰਹਿ ਲਈ ਚੰਗੇ ਕੰਮ ਕਰਦੇ ਹਨ ਅਤੇ ਇਸ ਨਾਲ ਇਕਸੁਰਤਾ ਵਿਚ ਕਿਵੇਂ ਰਹਿਣਾ ਹੈ।

ਠੀਕ ਹੈ, ਕਾਫ਼ੀ ਮਹੱਤਵਪੂਰਨ ਲੱਗਦਾ ਹੈ। ਪਰ ਜਿਵੇਂ ਕਿ, ਹਰ ਕੋਈ ਜਾਣਦਾ ਹੈ ਕਿ ਤੁਸੀਂ ਆਪਣੀ ਕਾਰ ਦੀ ਖਿੜਕੀ ਵਿੱਚੋਂ ਕੂੜਾ ਸੁੱਟਣ ਦੇ ਆਲੇ-ਦੁਆਲੇ ਨਹੀਂ ਜਾ ਸਕਦੇ ਅਤੇ ਜਦੋਂ ਤੁਸੀਂ ਕਮਰੇ ਵਿੱਚ ਨਹੀਂ ਹੋ ਤਾਂ ਤੁਹਾਨੂੰ ਲਾਈਟਾਂ ਨੂੰ ਚਾਲੂ ਨਹੀਂ ਕਰਨਾ ਚਾਹੀਦਾ ਹੈ। ਹਰ ਕਿਸੇ ਨੂੰ ਹੁਣ ਤੱਕ ਇਹ ਮੈਮੋ ਮਿਲ ਗਿਆ ਹੈ ਕਿ ਮਨੁੱਖ ਧਰਤੀ 'ਤੇ ਰਹਿਣ ਦਾ ਇੱਕੋ ਇੱਕ ਤਰੀਕਾ ਹੈ ਜੇ ਉਹ ਵਾਤਾਵਰਣ ਪ੍ਰਤੀ ਦਿਆਲੂ ਹਨ, ਠੀਕ ਹੈ?

ਇੱਥੇ ਕੁਝ ਚੀਜ਼ਾਂ ਹਨ ਜੋ ਸਾਨੂੰ ਧਰਤੀ ਦਿਵਸ ਬਾਰੇ ਜਾਣਨ ਦੀ ਲੋੜ ਹੈ।

ਧਰਤੀ ਦਿਵਸ ਕੀ ਹੈ? ਧਰਤੀ ਦਿਵਸ ਇਸ ਗ੍ਰਹਿ ਵਿੱਚ ਸਾਡੀ ਹੋਂਦ ਦੀ ਯਾਦ ਦਿਵਾਉਣ ਲਈ ਮਨਾਇਆ ਜਾਣ ਵਾਲਾ ਦਿਨ ਹੈ। ਇਹ ਇੱਕ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਹੈ ਜਿਸਦਾ ਉਦੇਸ਼ ਸਾਡੇ ਲਈ ਵਾਤਾਵਰਣ ਨੂੰ ਪਿਆਰ ਕਰਨਾ, ਸਤਿਕਾਰ ਕਰਨਾ ਅਤੇ ਬਚਾਉਣਾ ਹੈ।

ਇਹ ਕਿਉਂ ਬਣਾਇਆ ਗਿਆ ਸੀ? 1960 ਦੇ ਦਹਾਕੇ ਤੋਂ ਪਹਿਲਾਂ, ਵਾਤਾਵਰਣ ਪ੍ਰਤੀ ਚੇਤੰਨ ਹੋਣਾ ਮੂਲ ਰੂਪ ਵਿੱਚ ਮੌਜੂਦ ਨਹੀਂ ਸੀ। ਇਹ ਉਦੋਂ ਤੱਕ ਸੀ ਜਦੋਂ ਤੱਕ ਰੇਚਲ ਕਾਰਸਨ ਨੇ 1962 ਵਿੱਚ ਆਪਣੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਸਾਈਲੈਂਟ ਸਪਰਿੰਗ ਪ੍ਰਕਾਸ਼ਤ ਕੀਤੀ, ਜਿਸ ਨੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੇ ਖ਼ਤਰਿਆਂ ਵੱਲ ਧਿਆਨ ਦਿੱਤਾ ਅਤੇ 1960 ਅਤੇ 1970 ਦੇ ਦਹਾਕੇ ਦੇ ਅੰਤ ਵਿੱਚ ਵਾਤਾਵਰਣ ਅੰਦੋਲਨ ਲਈ ਪ੍ਰੇਰਣਾ ਦਿੱਤੀ। ਹਾਲਾਂਕਿ, ਇਹ ਕੈਲੀਫੋਰਨੀਆ ਦੇ ਸੈਂਟਾ ਬਾਰਬਰਾ ਵਿੱਚ ਇੱਕ ਵੱਡੇ ਤੇਲ ਦਾ ਰਿਸਾਅ ਸੀ। 1969 ਵਿੱਚ, ਜਿਸ ਨੇ ਵਾਤਾਵਰਣ ਦੀ ਸੰਭਾਲ ਦੀ ਲੋੜ ਬਾਰੇ ਰਾਜਨੀਤਿਕ ਅਤੇ ਜਨਤਕ ਜਾਗਰੂਕਤਾ ਵਧਾਉਣ ਦੇ ਯਤਨ ਵਿੱਚ ਧਰਤੀ ਦਿਵਸ ਦੀ ਰਚਨਾ ਨੂੰ ਗਤੀ ਵਿੱਚ ਰੱਖਿਆ।

ਕਿਸਨੇ ਸ਼ੁਰੂ ਕੀਤਾ? ਧਰਤੀ ਦਿਵਸ ਨੈੱਟਵਰਕ ਦੀ ਵੈੱਬਸਾਈਟ ਦੇ ਅਨੁਸ-ਾਰ, ਵਿਸਕਾਨਸਿਨ ਦੇ ਸੇਨ ਗੇਲੋਰਡ ਨੈਲਸਨ ਦੁਆਰਾ ਸਾਂਤਾ ਬਾਰਬਰਾ ਤੇਲ ਦੇ ਫੈਲਣ ਦੇ ਵਿਨਾਸ਼ਕਾਰੀ ਪ੍ਰਭਾਵਾਂ ਬਾਰੇ ਜਾਣਨ ਤੋਂ ਬਾਅਦ ਧਰਤੀ ਦਿਵਸ ਬਣਾਇਆ ਗਿਆ ਸੀ। ਉਹ ਉਸ ਸਮੇਂ ਕਾਲਜ ਕੈਂਪਸ ਵਿੱਚ ਹੋ ਰਹੀ ਵਿਅਤਨਾਮ ਵਿਰੋਧੀ ਜੰਗ "ਸਿੱਖਿਆ-ਇਨ" ਤੋਂ ਪ੍ਰੇਰਿਤ ਸੀ ਅਤੇ ਰਾਸ਼ਟਰੀ ਏਜੰਡੇ 'ਤੇ ਵਾਤਾਵਰਣ ਸੁਰੱਖਿਆ ਦੀ ਕੋਸ਼ਿਸ਼ ਕਰਨ ਅਤੇ ਲਹਿਰਾਉਣ ਦੀ ਲਹਿਰ ਦੀ ਜ਼ਮੀਨੀ ਪ੍ਰਕਿਰਤੀ ਤੋਂ ਪ੍ਰੇਰਿਤ ਸੀ। ਨੈਲਸਨ ਨੇ ਰਿਪਬਲਿਕਨ ਕਾਂਗਰਸਮੈਨ ਪੀਟ ਮੈਕਕਲੋਸਕੀ ਨੂੰ ਆਪਣੇ ਸਹਿ-ਚੇਅਰ ਵਜੋਂ ਸੇਵਾ ਕਰਨ ਲਈ ਯਕੀਨ ਦਿਵਾਇਆ ਅਤੇ ਡੇਨਿਸ ਹੇਜ਼, ਇੱਕ ਨੌਜਵਾਨ ਕਾਰਕੁਨ, ਨੂੰ ਰਾਸ਼ਟਰੀ ਕੋਆਰਡੀਨੇਟਰ ਨਿਯੁਕਤ ਕੀਤਾ।

ਪਹਿਲਾ ਧਰਤੀ ਦਿਵਸ ਕਿਹੋ ਜਿਹਾ ਸੀ? ਮੀਡੀਆ ਦੇ ਬਹੁਤ ਸਾਰੇ ਪ੍ਰਚਾਰ ਲਈ ਧੰਨਵਾਦ, ਪਹਿਲਾ ਧਰਤੀ ਦਿਵਸ ਇੱਕ ਵੱਡੀ ਹਿੱਟ ਸੀ। ਪਹਿਲੇ ਧਰਤੀ ਦਿਵਸ ਦੇ ਸਮਰਥਨ ਵਿੱਚ ਲਗਭਗ 20 ਮਿਲੀਅਨ ਅਮਰੀਕੀ ਸੜਕਾਂ, ਕਾਲਜ ਕੈਂਪਸ ਅਤੇ ਪਾਰਕਾਂ ਵਿੱਚ ਆਏ। ਫਿਲਾਡੇਲਫੀਆ, ਸ਼ਿਕਾਗੋ, ਲਾਸ ਏਂਜਲਸ, ਨਿਊਯਾਰਕ, ਵਾਸ਼ਿੰਗਟਨ, ਡੀ.ਸੀ. ਅਤੇ ਜ਼ਿਆਦਾਤਰ ਹੋਰ ਅਮਰੀਕੀ ਸ਼ਹਿਰਾਂ ਵਿੱਚ ਰੈਲੀਆਂ ਆਯੋਜਿਤ ਕੀਤੀਆਂ ਗਈਆਂ, ਮਸ਼ਹੂਰ ਮਾਨਵ-ਵਿਗਿਆਨੀ ਅਤੇ ਵਾਤਾਵਰਣ ਵਿਗਿਆਨੀ ਮਾਰਗਰੇਟ ਮੀਡ ਨੇ ਪਹਿਲੇ ਧਰਤੀ ਦਿਵਸ 'ਤੇ ਬੋਲਿਆ, ਅਦਾਕਾਰ ਪਾਲ ਨਿਊਮੈਨ ਅਤੇ ਅਲੀ ਮੈਕਗ੍ਰਾ ਅਤੇ ਗਾਇਕ ਪੀਟ ਸੀਗਰ ਤੋਂ ਇਲਾਵਾ. ਉਹਨਾਂ ਦਾ ਸਮਰਥਨ।

ਤੁਸੀਂ ਧਰਤੀ ਦਿਵਸ ਮਨਾਉਣ ਲਈ ਕੀ ਕਰ ਸਕਦੇ ਹੋ? ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਪੌਦੇ



-ਸੁਰਜੀਤ ਸਿੰਘ ਫਲੋਰਾ-

ਲਗਾਉਣਾ, ਸਮਾਜ ਦੀ ਸਫਾਈ ਕਰਨਾ, ਵਰਤੋਂ ਯੋਗ ਚੀਜ਼ਾਂ ਨੂੰ ਰੀਸਾਈਕਲ ਕਰਨਾ। ਪਲਾਸਟਿਕ ਦੇ ਥੈਲਿਆਂ ਅਤੇ ਉਤਪਾਦਾਂ ਨੂੰ "ਨਹੀਂ" ਕਹੋ, ਜਨਤਕ ਆਵਾਜਾਈ ਆਈਕੇ ਬੱਸ, ਰੇਲ ਆਦਿ ਦੀ ਵਰਤੋਂ ਕਰੋ, ਬੇਸਹਾਰਾ ਨੂੰ ਜੀਵਨ ਦਿਓ। ਪਾਣੀ ਬਚਾਓ, ਬਿਜਲੀ ਬਚਾਓ, ਪੌਦੇ ਬਚਾਓ, ਜਾਨਵਰ ਬਚਾਓ, ਮਨੁੱਖਤਾ ਬਚਾਓ ਅਤੇ ਧਰਤੀ ਬਚਾਓ।

ਸਾਡੇ ਬਚਾਅ ਲਈ ਰੁੱਖਾਂ ਦੀ ਲੋੜ ਬਾਰੇ ਖ਼ਬਰਾਂ ਫੇਲਾਓ, ਰੁੱਖ ਤਾਜ਼ੀ ਹਵਾ, ਪੰਛੀਆਂ ਅਤੇ ਤਿਤਲੀਆਂ ਅਤੇ ਬਹੁਤ ਸਾਰੇ ਕੀੜਿਆਂ ਲਈ ਪਨਾਹ ਪ੍ਰਦਾਨ ਕਰਦੇ ਹਨ। ਧਰਤੀ ਉੱਤੇ ਜੀਵਨ ਮਨੁੱਖ ਦੀ ਹੋਂਦ ਬਾਰੇ ਨਹੀਂ ਹੈ। ਸਾਨੂੰ ਕੁਦਰਤ ਨਾਲ ਇਕਸੁਰਤਾ ਵਿਚ ਰਹਿਣਾ ਚਾਹੀਦਾ ਹੈ ਅਤੇ ਸਹੀ ਸੰਤੁਲਨ ਹੋਣਾ ਚਾਹੀਦਾ ਹੈ।

ਤੁਸੀਂ ਹਰ ਸਮੇਂ ਜਲਵਾਯੂ ਤਬਦੀਲੀ, ਹੜ੍ਹਾਂ, ਜ਼ਮੀਨ ਖਿਸਕਣ, ਸੁਨਾਮੀ ਬਾਰੇ ਖ਼ਬਰਾਂ ਦੇਖਦੇ ਹੋ। ਕਿਉਂਕਿ ਅਸੀਂ ਆਪਣੇ ਵਾਤਾਵਰਣ ਨੂੰ ਪਿਆਰ ਕਰਨਾ ਅਤੇ ਸਤਿਕਾਰ ਕਰਨਾ ਭੁੱਲ ਗਏ ਹਾਂ।

ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਇਹ ਛੋਟੀਆਂ-ਛੋਟੀਆਂ ਚੀਜ਼ਾਂ ਕਰਨ ਨਾਲ, ਅਸੀਂ ਵਾਤਾਵਰਣ ਲਈ ਨਰਮੀ ਨਾਲ ਯੋਗਦਾਨ ਪਾ ਸਕਦੇ ਹਾਂ। ਇਹ ਇੱਕ ਦਿਨ ਦੀ ਗੱਲ ਨਹੀਂ ਹੈ। ਅਸੀਂ ਹਰ ਦਿਨ ਨੂੰ ਧਰਤੀ ਦਿਵਸ ਵਜੋਂ ਮਨਾ ਸਕਦੇ ਹਾਂ ਕਿਉਂਕਿ, ਉਹ ਸਾਨੂੰ ਜਨਮ ਦਿੰਦੀ ਹੈ। ਸਾਨੂੰ ਮਨੁੱਖ ਵਜੋਂ ਜਨਮ ਲੈ ਕੇ ਵਿਸ਼ਵ ਵਾਤਾਵਰਨ ਵਿੱਚ ਯੋਗਦਾਨ ਪਾਉਣ ਦਾ ਮੌਕਾ ਮਿਲ ਰਿਹਾ ਹੈ, ਜੇਕਰ ਸਾਡਾ ਰੰਗ ਫਿੱਕਾ ਪੈ ਰਿਹਾ ਹੈ ਤਾਂ ਅਸੀਂ ਆਪਣੀ ਸੁੰਦਰਤਾ ਨੂੰ ਨਿਖਾਰਨ ਲਈ ਸ਼ਿੰਗਾਰ ਸਮੱਗਰੀ ਲਗਾ ਸਕਦੇ ਹਾਂ ਪਰ ਧਰਤੀ ਕਿਵੇਂ ਲਗਾਏ, ਇਹ ਦਿਨੋ-ਦਿਨ ਆਪਣੀ ਹਰਿਆਲੀ ਗੁਆਉਂਦੀ ਜਾ ਰਹੀ ਹੈ ਅਤੇ ਇਹ ਕੰਕਰੀਟ ਵਿੱਚ ਤਬਦੀਲ ਹੋਣ ਲੱਗੀ ਹੈ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਧਰਤੀ ਨੂੰ ਉਸਦੀ ਅਸਲ ਸੁੰਦਰਤਾ, ਉਸਦੇ ਅਸਲ ਰੰਗ ਪ੍ਰਦਾਨ ਕਰੀਏ। , ਉਸਨੂੰ ਹਰ ਬਿਮਾਰੀ ਤੋਂ ਬਚਾਓ ਜਿਵੇਂ ਕਿ ਦਰੱਖਤ ਕੱਟਣਾ, ਜਾਨਵਰਾਂ ਨੂੰ ਮਾਰਨਾ ਤੋਬਾ ਕਰੀਏਰੇ। ਇਸ ਵਿਚ ਹੀ ਸਾਡੀ ਤੇ ਆਉਣ ਵਾਲੀਆਂ ਪੀੜੀਆਂ ਦੀ ਭਲਾਈ ਹੈ ।

# ਜੇਕਰ ਤੁਸੀਂ ਚੀਨ ਤੋਂ ਅੱਗੇ ਹੋ ਤਾਂ ਤੁਹਾਨੂੰ ਅੱਗੇ ਸੋਚਣਾ ਪਵੇਗਾ

ਤੁਹਾਨੂੰ ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਮੁਤਾਬਕ 19 ਅਪ੍ਰੈਲ ਨੂੰ 142.86 ਕਰੋੜ ਦੀ ਆਬਾਦੀ ਵਾਲਾ ਭਾਰਤ ਹੁਣ ਚੀਨ ਨੂੰ ਪਿੱਛੇ ਛੱਡ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਚੀਨ ਹੁਣ 142.57 ਕਰੋੜ ਦੀ ਆਬਾਦੀ ਨਾਲ ਦੂਜੇ ਨੰਬਰ 'ਤੇ ਹੈ। ਭਾਰਤ ਦੀ ਆਬਾਦੀ ਚੀਨ ਨਾਲੋਂ ਵੱਧ ਹੋਣ ਦੀ ਚਰਚਾ ਹੈ, ਉਸੇ ਦਿਨ ਤੋਂ ਅਸੀਂ ਵਧ ਰਹੇ ਹਾਂ। ਇਹ ਸੋਚ ਕੇ ਅਸੀਂ ਚੀਨ ਨੂੰ ਆਬਾਦੀ ਦੇ ਆਧਾਰ 'ਤੇ ਮਾਤ ਦੇਵਾਂਗੇ। ਪਰ ਆਬਾਦੀ ਹੀ ਸਭ ਕੁਝ ਨਹੀਂ ਹੈ। ਹੈੱਡਕਾਉਂਟ ਅਤੇ ਗੁਣਵੱਤਾ ਦੀ ਆਬਾਦੀ ਵਿੱਚ ਅੰਤਰ ਹੈ।

-ਪ੍ਰਿਅੰਕਾ ਸੌਰਭ



ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ 2023 ਦੇ ਅਨੁਸਾਰ, ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਇਸ ਤੋਂ ਇਲਾਵਾ, ਭਾਰਤ ਵਿੱਚ 25 ਸਾਲ ਤੋਂ ਘੱਟ ਉਮਰ ਦੀ ਆਬਾਦੀ ਦਾ ਲਗਭਗ 50% ਹੈ ਅਤੇ ਇਸ ਲਈ ਜਨਸੰਖਿਆ ਲਾਭਅੰਸ਼ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ, ਨੌਜਵਾਨਾਂ ਲਈ ਸਿਹਤ, ਸਿੱਖਿਆ ਅਤੇ ਗੁਣਵੱਤਾ ਵਾਲੀਆਂ ਨੌਕਰੀਆਂ ਵਿੱਚ ਨਿਵੇਸ਼ ਕਰਨਾ ਲਾਜ਼ਮੀ ਹੈ। ਜਨਸੰਖਿਆ ਲਾਭਅੰਸ਼ ਆਰਥਿਕ ਵਿਕਾਸ ਨੂੰ ਦਰਸਾਉਂਦਾ ਹੈ। ਸੰਭਾਵੀ ਜੋ ਇੱਕ ਆਬਾਦੀ ਦੀ ਉਮਰ ਦੇ ਢਾਂਚੇ ਵਿੱਚ ਤਬਦੀਲੀਆਂ ਦੇ ਨਤੀਜੇ ਵਜੋਂ ਹੋ ਸਕਦੀ ਹੈ, ਮੁੱਖ ਤੌਰ 'ਤੇ ਜਦੋਂ ਕੰਮ ਕਰਨ ਦੀ ਉਮਰ ਦੀ ਆਬਾਦੀ (15 ਤੋਂ 64) ਦਾ ਹਿੱਸਾ ਆਬਾਦੀ ਦੇ ਗੈਰ-ਕਾਰਜ-ਉਮਰ ਹਿੱਸੇ ਨਾਲੋਂ ਵੱਡਾ ਹੁੰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਮੁਤਾ-ਬਕ 19 ਅਪ੍ਰੈਲ ਨੂੰ 142.86 ਕਰੋੜ ਦੀ ਆਬਾਦੀ ਵਾਲਾ ਭਾਰਤ ਹੁਣ ਚੀਨ ਨੂੰ ਪਿੱਛੇ ਛੱਡ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਚੀਨ ਹੁਣ 142.57 ਕਰੋੜ ਦੀ ਆਬਾਦੀ ਨਾਲ ਦੂਜੇ ਨੰਬਰ 'ਤੇ ਹੈ। ਭਾਰਤ ਦੀ ਆਬਾਦੀ ਚੀਨ ਨਾਲੋਂ ਵੱਧ ਹੋਣ ਦੀ ਚਰਚਾ ਹੈ, ਉਸੇ ਦਿਨ ਤੋਂ ਅਸੀਂ ਵਧ ਰਹੇ ਹਾਂ। ਇਹ ਸੋਚ ਕੇ ਅਸੀਂ ਚੀਨ ਨੂੰ ਆਬਾਦੀ ਦੇ ਆਧਾਰ 'ਤੇ ਮਾਤ ਦੇਵਾਂਗੇ। ਪਰ ਆਬਾਦੀ ਹੀ ਸਭ ਕੁਝ ਨਹੀਂ ਹੈ। ਹੈੱਡਕਾਉਂਟ ਅਤੇ ਗੁਣਵੱਤਾ ਦੀ ਆਬਾਦੀ ਵਿੱਚ ਅੰਤਰ ਹੈ। ਭਾਰਤ ਹੋਵੇ ਜਾਂ ਚੀਨ, ਦੋਵਾਂ ਦੀ ਯਾਤਰਾ ਲਗਭਗ ਨਾਲੋ-ਨਾਲ ਸ਼ੁਰੂ ਹੋਈ। ਭਾਰਤ ਨੂੰ 15 ਅਗਸਤ 1947 ਨੂੰ ਅਤੇ ਚੀਨ ਨੂੰ 1 ਅਕਤੂਬਰ 1949 ਨੂੰ ਆਜ਼ਾਦੀ ਮਿਲੀ। ਉਸ ਸਮੇਂ ਭਾਰਤ ਕਈ ਤਰੀਕਿਆਂ ਨਾਲ ਚੀਨ ਨਾਲੋਂ ਬਿਹਤਰ ਸੀ। ਇੱਥੇ ਅੰਗਰੇਜ਼ਾਂ ਨੇ ਪੂਰੇ ਦੇਸ਼ ਨੂੰ ਇੱਕ ਤਰ੍ਹਾਂ ਨਾਲ ਰੇਲਵੇ ਲਾਈਨ ਨਾਲ ਜੋੜ ਦਿੱਤਾ ਸੀ।

ਵਿੱਦਿਆ ਦੇ ਕਈ ਮਸ਼ਹੂਰ ਕੇਂਦਰ ਵੀ ਬਣ ਚੁੱਕੇ ਸਨ। ਜਦਕਿ ਚੀਨ ਵਿੱਚ ਅਜਿਹਾ ਕੋਈ ਠੋਸ ਕੰਮ ਨਹੀਂ ਕੀਤਾ ਗਿਆ। ਪਰ ਚੀਨ ਨੇ ਆਜ਼ਾਦੀ ਤੋਂ ਬਾਅਦ ਜੋ ਸਭ ਤੋਂ ਵਧੀਆ ਕੰਮ ਕੀਤਾ ਉਹ ਸਮਾਜਿਕ ਵਿਕਾਸ ਸੀ। ਉਨ੍ਹਾਂ ਸਿੱਖਿਆ ਅਤੇ ਸਿਹਤ 'ਤੇ ਜ਼ੋਰ ਦਿੱਤਾ। 'ਸਭ ਨੂੰ ਸਿੱਖਿਆ ਅਤੇ ਸਭ ਲਈ ਸਿਹਤ' ਦਾ ਪੱਕਾ ਪ੍ਰਬੰਧ ਕੀਤਾ। ਸਿਰਫ਼ ਨਾਮ ਦਾ ਹੀ ਨਹੀਂ, ਸਗੋਂ ਗੁਣਵੱਤਾ ਦਾ, ਉਹ ਵੀ ਮੁਫਤ। ਉੱਥੇ ਜ਼ਮੀਨੀ ਸੁਧਾਰ ਆਜ਼ਾਦੀ ਤੋਂ ਬਾਅਦ ਹੀ ਹੋਇਆ। ਸਮਾਜਿਕ ਸੁਰੱਖਿਆ, ਸਿੱਖਿਆ ਅਤੇ ਸਿਹਤ ਦੇ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਗਿਆ। ਸਾਰਿਆਂ ਨੂੰ ਨੌਕਰੀ ਦੀ ਗਾਰੰਟੀ ਦਿੱਤੀ ਗਈ ਸੀ। ਕਈ ਦਹਾਕਿਆਂ ਬਾਅਦ ਉੱਥੇ ਉਦਯੋਗਿਕ ਵਿਕਾਸ ਸ਼ੁਰੂ ਹੋਇਆ। ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਇਨ੍ਹਾਂ ਸਾਰੀਆਂ ਗੱਲਾਂ ਦੀ ਚਰਚਾ ਸਿਰਫ਼ ਮੂੰਹ-ਜ਼ਬਾਨੀ ਹੀ ਹੁੰਦੀ ਸੀ। ਕੁਝ ਰਾਜਾਂ ਵਿੱਚ ਇਸ ਦਿਸ਼ਾ ਵਿੱਚ ਕੰਮ ਵੀ ਕੀਤਾ ਗਿਆ ਸੀ, ਪਰ ਕਾਗਜ਼ਾਂ 'ਤੇ ਜ਼ਿਆਦਾ, ਜ਼ਮੀਨ 'ਤੇ ਘੱਟ।

ਭਾਰਤ ਵਿੱਚ ਉਦਯੋਗਿਕ ਵਿਕਾਸ ਦਾ ਖਾਕਾ ਆਜ਼ਾਦੀ ਤੋਂ ਬਾਅਦ ਹੀ ਉਲੀਕਿਆ ਗਿਆ ਸੀ, ਜੋ ਅੱਜ ਤੱਕ ਚੱਲ ਰਿਹਾ ਹੈ। ਪਰ ਅਸੀਂ ਚੀਨ ਦੇ ਮੁਕਾਬਲੇ ਕਿਸੇ ਵੀ ਖੇਤਰ ਵਿੱਚ ਨਹੀਂ ਰੁਕ ਰਹੇ। ਰੁਜ਼ਗਾਰ ਪੈਦਾ ਕਰਨਾ ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਵਿਕਾਸ ਚੁਣੌਤੀ ਹੈ, ਜਿਵੇਂ ਕਿ ਆਰਥਿਕ ਮੌਕੇ ਪੈਦਾ ਕਰਨ ਅਤੇ ਜਨਸੰਖਿਆ ਲਾਭਅੰਸ਼ ਦੀ ਸੰਭਾਵਨਾ ਨੂੰ ਮਹਿਸੂਸ ਕਰਨ ਲਈ ਕੀਤੇ ਜਾਣ ਵਾਲੇ ਉਪਾਅ। ਭਾਰਤ ਨੂੰ 2030 ਤੱਕ 10 ਕਰੋੜ ਹੋਰ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ। ਰਸਮੀ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣੇ ਚਾਹੀਦੇ ਹਨ, ਖਾਸ ਤੌਰ 'ਤੇ ਕਿਰਤ-ਸੰਬੰਧੀ ਖੇਤਰਾਂ ਅਤੇ ਨਿਰਯਾਤ-ਮੁਖੀ ਉਦਯੋਗਾਂ ਜਿਵੇਂ ਕਿ ਟੈਕਸਟਾਈਲ, ਚਮੜਾ, ਜੁੱਤੀਆਂ, ਰਤਨ, ਗਹਿਣੇ ਆਦਿ ਵਿੱਚ।

ਸਿੱਖਿਆ ਲਿੰਗਕ ਪਾੜੇ ਨੂੰ ਪੂਰਾ ਕਰਨ ਵਿੱਚ ਮਦਦਗਾਰ ਹੈ। ਭਾਰਤ ਵਿੱਚ ਲੜਕੀਆਂ ਦੇ ਮੁਕਾਬਲੇ ਲੜਕਿਆਂ ਦੇ ਸੈਕੰਡਰੀ ਅਤੇ ਤੀਜੇ ਦਰਜੇ ਦੇ ਸਕੂਲਾਂ ਵਿੱਚ ਦਾਖਲ ਹੋਣ ਦੀ ਸੰਭਾਵਨਾ ਵੱਧ ਹੈ। ਫਿਲੀਪੀਨਜ਼, ਚੀਨ ਅਤੇ ਥਾਈਲੈਂਡ ਵਿੱਚ ਉਲਟਾ ਸੱਚ ਹੈ। ਭਾਰਤ ਵਿੱਚ ਇਸ ਰੁਝਾਨ ਨੂੰ ਉਲਟਾਉਣ ਦੀ ਲੋੜ ਹੈ। ਇਹ ਦੇਖਦੇ ਹੋਏ ਕਿ ਭਾਰਤ ਦੇ ਕਰਮਚਾਰੀਆਂ ਵਿੱਚ ਹੁਨਰ ਵਿਕਾਸ ਇੱਕ ਛੋਟੀ ਉਮਰ ਵਿੱਚ ਸ਼ੁਰੂ ਹੁੰਦਾ ਹੈ, ਸੈਕੰਡਰੀ ਸਿੱਖਿਆ ਤੋਂ ਸਰਵਵਿਆਪਕ ਹੁਨਰ ਅਤੇ ਉੱਦਮਤਾ ਵਿੱਚ ਤਬਦੀਲੀ ਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ। ਸਰਕਾਰ ਨੇ ਸਕਿੱਲ ਇੰਡੀਆ ਪੋਰਟਲ ਬਣਾਇਆ ਹੈ ਅਤੇ ਹੁਨਰ ਵਿਕਾਸ ਲਈ ਸੰਕਲਪ ਅਤੇ ਕੋਸ਼ਿਸ਼ ਸਕੀਮਾਂ ਸ਼ੁਰੂ ਕੀਤੀਆਂ ਹਨ। ਖੇਤੀ ਖੇਤਰ ਤੋਂ ਤਬਦੀਲੀ ਨੂੰ ਦੂਰ ਕਰਨ ਲਈ ਭਾਰਤ ਨੂੰ ਖੇਤੀ 'ਤੇ ਨਿਰਭਰ ਆਪਣੀ ਆਬਾਦੀ ਦਾ ਹਿੱਸਾ ਵੀ ਘਟਾਉਣ ਦੀ ਲੋੜ ਹੈ।


ਘੱਟ ਕਮਾਈ ਕਰਨ ਵਾਲੀ ਖੇਤੀ ਕਿਰਤ ਦੇ ਹਿੱਸੇ ਨੂੰ ਬਾਹਰ ਕੱਢਣ ਅਤੇ ਇਸ ਨੂੰ ਬਿਹਤਰ ਹੁਨਰਮੰਦ ਵੱਧ ਕਮਾਈ ਕਰਨ ਵਾਲੀ ਕਿਰਤ ਵਿੱਚ ਬਦਲਣ ਦੀ ਲੋੜ ਹੈ। ਆਰਥਿਕਤਾ ਵਿੱਚ ਔਰਤਾਂ ਦੀ ਕਾਰਜਬਲ ਦੀ ਭਾਗੀਦਾਰੀ 2019 ਤੱਕ, 20.3% ਔਰਤਾਂ ਕੰਮ ਕਰ ਰਹੀਆਂ ਸਨ ਜਾਂ ਕੰਮ ਦੀ ਤਲਾਸ਼ ਕਰ ਰਹੀਆਂ ਸਨ, ਜੋ ਕਿ 2003-04 ਵਿੱਚ 34.1% ਸੀ। ਦੱਖਣੀ ਕੋਰੀਆ ਤੋਂ ਸਬਕ ਲਏ ਜਾ ਸਕਦੇ ਹਨ, ਜਿੱਥੇ ਕਾਨੂੰਨੀ ਤੌਰ 'ਤੇ ਲਾਜ਼ਮੀ ਲਿੰਗ ਬਜਟ ਬਣਾਉਣ ਅਤੇ ਪਾਰਟ-ਟਾਈਮ ਕੰਮ ਲਈ ਟੈਕਸ ਪ੍ਰੋਤਸਾਹਨ ਨੂੰ ਵਧਾਉਣ ਵਰਗੇ ਉਪਾਵਾਂ ਦੁਆਰਾ 50% ਦੀ ਮਹਿਲਾ ਕਾਰਜਬਲ ਦੀ ਭਾਗੀਦਾਰੀ ਦਰ ਬਣਾਈ ਗਈ ਹੈ। ਜਦੋਂ ਕਿ ਭਾਰਤ ਇੱਕ ਨੌਜਵਾਨ ਦੇਸ਼ ਹੈ, ਰਾਜਾਂ ਵਿਚਕਾਰ ਉਮਰ ਵਧਣ ਦੀ ਸਥਿਤੀ ਅਤੇ ਗਤੀ ਵੱਖ-ਵੱਖ ਹੁੰਦੀ ਹੈ। ਦੱਖਣੀ ਰਾਜ, ਜੋ ਜਨਸੰਖਿਆ ਤਬਦੀਲੀ ਵਿੱਚ ਉੱਨਤ ਹਨ, ਵਿੱਚ ਪਹਿਲਾਂ ਹੀ ਬਜ਼ੁਰਗ ਲੋਕਾਂ ਦੀ ਵੱਧ ਪ੍ਰਤੀਸ਼ਤਤਾ ਹੈ।

ਹਾਲਾਂਕਿ, ਇਹ ਰਾਜਾਂ ਨੂੰ ਮਿਲ ਕੇ ਕੰਮ ਕਰਨ ਦੇ ਅਥਾਹ ਮੌਕੇ ਵੀ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਜਨਸੰਖਿਆ ਦੇ ਪਰਿਵਰਤਨ 'ਤੇ, ਉੱਤਰ-ਮੱਧ ਖੇਤਰ ਦੇ ਨਾਲ ਭਾਰਤ ਦੇ ਕਰਮਚਾਰੀਆਂ ਦੇ ਭੰਡਾਰ ਵਜੋਂ। ਭਾਰਤ ਵਿੱਚ ਸੇਵਾ ਖੇਤਰ ਦਾ ਸਾਪੇਖਿਕ ਆਕਾਰ ਵੱਡਾ ਹੈ ਅਤੇ ਰੁਜ਼ਗਾਰ ਸਿਰਜਣ ਦੀ ਬਹੁਤ ਸੰਭਾਵਨਾ ਹੈ। ਉਦਾਹਰਨ ਲਈ: ਭਾਰਤ ਇਸਦੀ ਲਾਗਤ ਲਾਭ ਦੇ ਕਾਰਨ ਸਿਹਤ ਸੇਵਾਵਾਂ ਨੂੰ ਨਿਰਯਾਤ ਕਰ ਸਕਦਾ ਹੈ। ਇਸ ਤੋਂ ਇਲਾਵਾ, ਜਿਵੇਂ ਕਿ ਆਮਦਨ ਵਧਦੀ ਹੈ, ਮਨੋਰੰਜਨ, ਕਲਾ/ਮਨੋਰੰਜਨ ਅਤੇ ਰਿਹਾਇਸ਼ ਵਰਗੇ ਖੇਤਰਾਂ ਵਿੱਚ ਨੌਕਰੀਆਂ ਤੇਜ਼ੀ ਨਾਲ ਵਧਣਗੀਆਂ। ਸ਼ਾਸਨ ਵਿੱਚ ਸੁਧਾਰ ਕਰਕੇ ਰਾਜਾਂ ਵਿੱਚ ਨੀਤੀਗਤ ਤਾਲਮੇਲ ਲਈ ਜਨਸੰਖਿਆ ਲਾਭਅੰਸ਼ ਲਈ ਸ਼ਾਸਨ ਸੁਧਾਰਾਂ ਲਈ ਇੱਕ ਨਵੀਂ ਸੰਘੀ ਪਹੁੰਚ ਨੂੰ ਲਾਗੂ ਕਰਨ ਦੀ ਲੋੜ ਹੋਵੇਗੀ।

ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਨੌਕਰਸ਼ਾਹੀ ਦੇ ਲਾਲ ਫੀਤਾਸ਼ਾਹੀ ਨੂੰ ਹਟਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇੱਕ ਜਨਸੰਖਿਆ ਲਾਭਅੰਸ਼ ਪ੍ਰਾਪਤ ਕਰਨ ਦਾ ਮੌਕਾ ਇੱਕ ਸੀਮਤ ਵਿੰਡੋ ਦੇ ਦੌਰਾਨ ਹੁੰਦਾ ਹੈ ਜੋ ਕੰਮ ਕਰਨ ਵਾਲੀ ਪੀੜ੍ਹੀ ਦੀ ਉਮਰ ਦੇ ਨਾਲ ਹੌਲੀ ਹੌਲੀ ਬੰਦ ਹੋ ਜਾਂਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਉਭਰਦੇ ਆਬਾਦੀ ਦੇ ਮੁੱਦਿਆਂ ਜਿਵੇਂ ਕਿ ਮਾਈਗ੍ਰੇਸ਼ਨ, ਬੁਢਾਪਾ, ਹੁਨਰ ਵਿਕਾਸ, ਮਹਿਲਾ ਕਰਮਚਾਰੀਆਂ ਦੀ ਭਾਗੀਦਾਰੀ ਅਤੇ ਸ਼ਹਿਰੀਕਰਨ ਨਾਲ ਨਜਿੱਠਣ ਲਈ ਇਕੱਠੇ ਹੋਣਾ ਚਾਹੀਦਾ ਹੈ। ਜਨਸੰਖਿਆ ਲਾਭਅੰਸ਼ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ ਲਈ ਬੱਚਿਆਂ, ਨੌਜਵਾਨਾਂ ਅਤੇ ਔਰਤਾਂ 'ਤੇ ਜ਼ਿਆਦਾ ਧਿਆਨ ਦੇਣਾ ਸਮੇਂ ਦੀ ਲੋੜ ਹੈ।



# ਕਿਸਾਨਾਂ ਨੂੰ 14,000 ਕਰੋੜ ਰੁਪਏ ਤੋਂ ਵੱਧ ਰਾਸ਼ੀ ਕੀਤੀ ਜਾਰੀ



ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਚੱਲ ਰਹੇ ਹਾੜੀ ਮੰਡੀਕਰਨ ਸੀਜ਼ਨ (ਆਰਐੱਮਐੱਸ) ਦੌਰਾਨ ਸਾਰੇ ਭਾਈਵਾਲਾਂ ਲਈ ਕਣਕ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਇਸ ਪ੍ਰਕਿਰਿਆ ਤਹਿਤ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚਕ ਦੀ ਅਗਵਾਈ ਹੇਠ ਕਈ ਨਿਵੇਕਲੇ ਉਪਾਅ ਕੀਤੇ ਗਏ ਹਨ ਜਿਨ੍ਹਾਂ ਵਿੱਚ ਵਾਹਨ ਟਰੈਕਿੰਗ ਸਿਸਟਮ (ਵੀਟੀਐਸ) ਨੂੰ ਲਾਗੂ ਕਰਨਾ, ਟਰੱਕਾਂ ਦੀ ਆਵਾਜਾਈ 'ਤੇ ਨਜ਼ਰ ਰੱਖਣ ਲਈ ਉਨ੍ਹਾਂ 'ਤੇ ਜੀ।ਪੀ।ਐਸ। ਡਿਵਾਈਜ਼ ਲਾਉਣਾ ਅਤੇ ਆਨਲਾਈਨ ਗੇਟ ਪਾਸ ਜਾਰੀ ਕਰਨਾ ਆਦਿ ਸ਼ਾਮਲ ਹਨ।

ਇਸ ਬਾਰੇ ਜਾਣਕਾਰੀ ਦਿੰਦਿਆ ਸਰਕਾਰੀ ਬੁਲਾਰੇ ਨੇ ਅੱਗੇ ਦੱਸਿਆ ਕਿ 26 ਅਪ੍ਰੈਲ ਤੱਕ 14687.52 ਕਰੋੜ ਰੁਪਏ ਸਿੱਧੇ ਕਿਸਾਨਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਹੁਣ ਤੱਕ ਕੁੱਲ 93,95,891.95 ਮੀਟ੍ਰਿਕ ਟਨ (ਐੱਮਟੀ) ਕਣਕ ਦੀ ਖਰੀਦ ਹੋ ਚੁੱਕੀ ਹੈ। ਇਸ ਵਿੱਚੋਂ ਸਰਕਾਰੀ ਏਜੰਸੀਆਂ ਨੇ 9045721.95 ਮੀਟ੍ਰਿਕ ਟਨ ਅਤੇ ਵਪਾਰੀਆਂ ਨੇ 350170 ਮੀਟ੍ਰਿਕ ਟਨ ਦੀ ਖਰੀਦ ਕੀਤੀ ਹੈ।

ਦੱਸਣਯੋਗ ਹੈ ਕਿ ਪਨਗ੍ਰੇਨ (ਕੇਂਦਰੀ ਪੂਲ) ਵੱਲੋਂ 2062893.65 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 2330641 ਮੀਟ੍ਰਿਕ ਟਨ, ਪਨਸਪ ਵੱਲੋਂ 2100165.50 ਮੀਟ੍ਰਿਕ ਟਨ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ 1508809.65 ਮੀਟ੍ਰਿਕ ਟਨ, ਐਫਸੀਆਈ ਵੱਲੋਂ 277310 ਮੀਟਰਿਕ ਟਨ, ਡੀਸੀਪੀ (ਸਿਰਫ਼ ਪਨਗ੍ਰੇਨ) ਵੱਲੋਂ 765902.15 ਮੀਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ।

# ਦਾਂਤੇਵਾੜਾ ਵਿਚ ਨਕਸਲੀ ਹਮਲਾ, 10 ਡੀਆਰਜੀ ਜਵਾਨ ਸ਼ਹੀਦ

### * 50 ਕਿਲੋ ਆਈਈਡੀ ਨਾਲ 10 ਫੁੱਟ ਡੂੰਘਾ ਟੋਇਆ ਪਿਆ

ਦਾਂਤੇਵਾੜਾ, 26 ਅਪ੍ਰੈਲ (ਪੋਸਟ ਬਿਊਰੋ): ਬੁੱਧਵਾਰ ਨੂੰ ਨੂੰ ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਦਾਂਤੇਵਾੜਾ ਜ਼ਿਲ੍ਹੇ ਵਿੱਚ ਨਕਸਲੀ ਹਮਲੇ ਵਿੱਚ 10 ਡੀਆਰਜੀ (ਜ਼ਿਲ੍ਹਾ ਰਿਜ਼ਰਵ ਗਾਰਡ) ਦੇ ਜਵਾਨ ਸ਼ਹੀਦ ਹੋ ਗਏ। ਇੱਕ ਡਰਾਈਵਰ ਦੀ ਵੀ ਮੌਤ ਹੋ ਗਈ ਹੈ। ਜ਼ਿਲ੍ਹੇ ਦੇ ਅਰਨਪੁਰ ਥਾਣਾ ਖੇਤਰ ਵਿੱਚ ਨਕਸਲੀਆਂ ਨੇ ਬਾਰੂਦੀ ਸੁਰੰਗ ਨਾਲ ਧਮਾਕਾ ਕੀਤਾ ਸੀ। ਉਨ੍ਹਾਂ ਦੀ ਟੀਮ ਮੀਂਹ ਵਿੱਚ ਫਸੇ ਸੁਰੱਖਿਆ ਬਲਾਂ ਨੂੰ ਬਚਾਉਣ ਲਈ ਜਾ ਰਹੀ ਸੀ। ਇਸ ਦੌਰਾਨ ਨਕਸਲੀਆਂ ਨੇ ਆਈਈਡੀ ਧਮਾਕੇ ਵਿੱਚ ਪੁਲੀਸ ਮੁਲਾਜ਼ਮਾਂ ਦੀ ਗੱਡੀ ਨੂੰ ਉਡਾ ਦਿੱਤਾ।





ਨਕਸਲੀ ਹਮਲਾ ਦੰਤੇਵਾੜਾ ਜ਼ਿਲੇ ਦੇ ਅਰਨਪੁਰ ਥਾਣਾ ਖੇਤਰ 'ਚ ਅਰਨਪੁਰ-ਸਮੇਲੀ ਵਿਚਕਾਰ ਹੋਇਆ। ਇੱਥੇ ਪੁਲਿਸ ਅਤੇ ਨਕਸਲੀਆਂ ਵਿਚਕਾਰ ਮੁੱਠਭੇੜ ਵੀ ਹੋਈ ਹੈ। ਇਸ ਮੁਕਾਬਲੇ ਦੌਰਾਨ ਨਕਸਲੀਆਂ ਨੇ ਗੱਡੀ 'ਤੇ ਬੰਬ ਸੁੱਟਿਆ। ਇਲਾਕੇ 'ਚ ਸਰਚ ਆਪਰੇਸ਼ਨ ਜਾਰੀ ਹੈ।

ਹਮਲੇ 'ਚ ਜਿਸ ਵਾਹਨ 'ਚ ਜਵਾਨ ਇਸ ਇਲਾਕੇ 'ਚ ਗਏ ਸਨ, ਉਹ ਵੀ ਤਬਾਹ ਹੋ ਗਿਆ। ਸ਼ਹੀਦ ਸੈਨਿਕਾਂ ਦੀਆਂ ਲਾਸ਼ਾਂ ਵੀ ਖਿੱਲਰੀਆਂ ਨਜ਼ਰ ਆਈਆਂ। ਧਮਾਕੇ ਤੋਂ ਬਾਅਦ ਮੌਕੇ 'ਤੇ 10-12 ਫੁੱਟ ਡੂੰਘਾ ਟੋਆ ਬਣ ਗਿਆ ਹੈ। ਰਿਪੋਰਟ ਮੁਤਾਬਕ ਨਕਸਲੀਆਂ ਨੇ 50 ਕਿਲੋ ਆਈਈਡੀ ਨਾਲ ਪੁਲੀਸ ਦੀ ਤੀਜੇ ਨੰਬਰ ਦੀ ਗੱਡੀ ਨੂੰ ਨਿਸ਼ਾਨਾ ਬਣਾਇਆ ਗਿਆ। ਧਮਾਕੇ ਕਾਰਨ ਬਾਕੀ ਵਾਹਨ ਵੀ ਨੁਕਸਾਨੇ ਗਏ। ਨਕਸਲੀ ਹਮਲੇ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ ਹੈੱਡ ਕਾਂਸਟੇਬਲ ਜੋਗਾ ਸੋਢੀ, ਮੁੰਨਾ ਰਾਮ ਕੱਟੀ, ਸੰਤੋਸ਼ ਤਮੋ, ਕਾਂਸਟੇਬਲ ਡੁਲਗੋ ਮੰਡਵੀ, ਲਖਮੂ ਮਾਰਕਮ, ਕਾਂਸਟੇਬਲ ਜੋਗਾ ਕਾਵਾਸੀ, ਕਾਂਸਟੇਬਲ ਹਰੀਰਾਮ ਮੰਡਵੀ, ਗੁਪਤ ਸਿਪਾਹੀ ਰਾਜੂ ਰਾਮ ਕਰਤਮ, ਜੈਰਾਮ ਪੋਡੀਅਮ ਅਤੇ ਜਗਦੀਸ਼ ਕਾਵਾਸੀ ਸ਼ਾਮਲ ਹਨ। ਕਾਰ ਦਾ ਡਰਾਈਵਰ ਧਨੀਰਾਮ ਯਾਦਵ ਸ਼ਾਮਲ ਹੈ। ਦੱਸਿਆ ਜਾ ਰਿਹਾ ਹੈ ਕਿ ਗੱਡੀ 'ਚ 25 ਤੋਂ 30 ਜਵਾਨ ਸਵਾਰ ਸਨ। ਜ਼ਖਮੀ ਜਵਾਨਾਂ ਨੂੰ ਜ਼ਿਲਾ ਹਸਪਤਾਲ ਪਹੁੰਚਾਉਣ ਲਈ ਚਾਰ ਐਂਬੂਲੈਂਸਾਂ ਨੂੰ ਮੌਕੇ 'ਤੇ ਭੇਜਿਆ ਗਿਆ। ਘਟਨਾ ਤੋਂ ਬਾਅਦ ਐੱਸਪੀ ਵੀ ਮੌਕੇ 'ਤੇ ਪਹੁੰਚ ਗਏ।

# ਮੁੱਖ ਮੰਤਰੀ ਵੱਲੋਂ ਦਾਂਤੇਵਾੜਾ ਵਿਖੇ ਹੋਏ ਨਕਸਲੀ ਹਮਲੇ ਦੀ ਸਖਤ ਨਿਖੇਧੀ

### * ਕੇਂਦਰ ਸਰਕਾਰ ਨੂੰ ਨਕਸਲਵਾਦ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਆਪਕ ਨੀਤੀ ਘੜਨ ਦੀ ਅਪੀਲ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਛੱਤੀਸਗੜ੍ਹ ਦੇ ਦਾਂਤੇਵਾੜਾ ਵਿਖੇ ਨਕਸਲੀ ਹਮਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਜਿਸ ਵਿੱਚ ਦੇਸ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਕਰਦਿਆਂ 11 ਜਵਾਨ ਸਹੀਦ ਹੋ ਗਏ।



ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਇਸ ਹਮਲੇ ਨੂੰ ਲੋਕਾਂ ਦੇ ਮਨਾਂ ਵਿੱਚ ਦਹਿਸਤ ਪੈਦਾ ਕਰਨ ਦੇ ਉਦੇਸ ਨਾਲ ਕੀਤੀ ਗਈ ਘਿਨਾਉਣੀ ਕਾਰਵਾਈ ਦੱਸਿਆ। ਭਗਵੰਤ ਮਾਨ ਨੇ ਕਿਹਾ ਕਿ ਇਸ ਗੈਰ-ਮਨੁੱਖੀ ਅਤੇ ਵਹਿਸੀ ਕਾਰੇ ਦੀ ਸਾਰਿਆਂ ਨੂੰ ਸਖਤ ਸਬਦਾਂ ਵਿੱਚ ਨਿਖੇਧੀ ਕਰਨੀ ਚਾਹੀਦੀ ਹੈ। ਹਿੰਸਾ ਦੇ ਇਸ ਮੂਰਖਤਾ ਭਰੇ ਕਾਰੇ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਨਕਸਲਵਾਦ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਆ-ਪਕ ਨੀਤੀ ਘੜਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਨਕਸਲੀ ਹਿੰਸਾ ਵਿੱਚ ਵਾਧਾ ਹੋਇਆ ਹੈ ਅਤੇ ਕਈ ਬੇਕਸੂਰਾਂ ਦੀ ਜਾਨ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਵਰਤਾਰਾ ਹੈ ਕਿ ਕਈ ਸੂਬਿਆਂ ਵਿੱਚ ਇਸ ਸਮੱਸਿਆ ਨਾਲ ਨਜਿੱਠਣ 'ਚ ਲੱਗੇ ਹੋਏ ਸੁਰੱਖਿਆ ਬਲਾਂ ਨੂੰ ਅਕਸਰ ਨਕਸਲੀਆਂ ਦੀਆਂ ਕਾਰਵਾਈਆਂ ਦਾ ਖਮਿਆਜਾ ਭੁਗਤਣਾ ਪੈਂਦਾ ਹੈ। ਭਗਵੰਤ ਮਾਨ ਨੇ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਇਸ ਸਮੱਸਿਆ ਨਾਲ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਰਕਾਰ ਇਸ ਮੁੱਦੇ ਨਾਲ ਨਜਿੱਠਣ ਦੇ ਕਿਸੇ ਵੀ ਯਤਨ ਵਿੱਚ ਪੂਰਾ ਸਹਿਯੋਗ ਦੇਵੇਗੀ।

# ਆਪ੍ਰੇਸ਼ਨ ਕਾਵੇਰੀ ਦੇ ਤਹਿਤ ਦਿੱਲੀ ਪਹੁੰਚਿਆ ਸੂਡਾਨ ਵਿੱਚ ਫਸੇ ਭਾਰਤੀਆਂ ਦਾ ਪਹਿਲਾ ਜੱਥਾ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ):'ਆਪ੍ਰੇਸ਼ਨ ਕਾਵੇਰੀ' ਦੇ ਤਹਿਤ ਸੂਡਾਨ ਤੋਂ 360 ਭਾਰਤੀਆਂ ਦਾ ਪਹਿਲਾ ਜੱਥਾ ਬੁੱਧਵਾਰ ਸ਼ਾਮ ਨੂੰ ਨਵੀਂ ਦਿੱਲੀ ਪਹੁੰਚ ਗਿਆ। 'ਆਪ੍ਰੇਸ਼ਨ ਕਾਵੇਰੀ' ਸਰਕਾਰ ਦੁਆਰਾ ਸੂਡਾਨ ਵਿੱਚ ਫਸੇ ਭਾਰਤੀ ਨਾਗਰਿਕਾਂ ਨੂੰ ਕੱਢਣ ਲਈ ਸ਼ੁਰੂ ਕੀਤਾ ਗਿਆ ਇੱਕ ਬਚਾਅ ਅਭਿਆਨ ਹੈ। ਦੱਸ ਦਈਏ ਕਿ ਸੂਡਾਨ 'ਚ ਫੌਜ ਅਤੇ ਅਰਧ ਸੈਨਿਕ ਬਲਾਂ ਵਿਚਾਲੇ ਜੰਗ ਵਰਗੀ ਸਥਿਤੀ ਬਣੀ ਹੋਈ ਹੈ। ਸੂਡਾਨ ਦੇ ਦੋ ਧੜਿਆਂ ਨੇ ਸੋਮਵਾਰ ਨੂੰ ਅਮਰੀਕਾ ਅਤੇ ਸਾਊਦੀ ਅਰਬ ਦੀ ਵਿਚੋਲਗੀ ਵਿਚ 72 ਘੰਟੇ ਦੀ ਜੰਗਬੰਦੀ ਲਈ ਸਹਿਮਤੀ ਪ੍ਰਗਟਾਈ। ਜਿਸ ਤੋਂ ਬਾਅਦ ਸਾਰੇ ਦੇਸ਼ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ 'ਚ ਲੱਗੇ ਹੋਏ ਹਨ।



ਭਾਰਤੀ ਹਵਾਈ ਸੈਨਾ ਦੇ ਦੋ ਟਰਾਂਸਪੋਰਟ ਜਹਾਜ਼ਾਂ ਦੁਆਰਾ 250 ਭਾਰਤੀਆਂ ਨੂੰ ਸੂਡਾਨ ਤੋਂ ਬਾਹਰ ਕੱਢਿਆ ਗਿਆ ਹੈ। ਇਸ ਤੋਂ ਪਹਿਲਾਂ 278 ਨਾਗਰਿਕਾਂ ਨੂੰ ਇਸ ਹਿੰਸਾ ਪ੍ਰਭਾਵਿਤ ਅਫਰੀਕੀ ਦੇਸ਼ ਤੋਂ ਜਲ ਸੈਨਾ ਦੇ ਜਹਾਜ਼ ਆਈਐਨਐਸ ਸੁਮੇਧਾ ਰਾਹੀਂ ਬਾਹਰ ਕੱਢਿਆ ਗਿਆ ਸੀ।

ਵਿਦੇਸ਼ ਮੰਤਰੀ ਨੇ ਕਿਹਾ ਕਿ ਮੈਂ ਹੁਣ ਪਨਾਮਾ 'ਚ ਹਾਂ। ਮੈਂ ਪਿਛਲੇ ਕੁਝ ਦਿਨਾਂ ਤੋਂ ਗੁਆਨਾ ਵਿੱਚ ਸੀ। ਹਾਲਾਂਕਿ, ਮੇਰਾ ਮਨ ਸੂਡਾਨ ਵਿੱਚ ਹੈ। ਅਸੀਂ ਉੱਥੇ 'ਆਪ੍ਰੇਸ਼ਨ ਕਾਵੇਰੀ' ਚਲਾ ਰਹੇ ਹਾਂ, ਜਿਸ ਤਹਿਤ ਅਸੀਂ ਸੂਡਾਨ 'ਚ ਫਸੇ ਭਾਰਤੀਆਂ ਨੂੰ ਕੱਢਣਾ ਅਤੇ ਬਚਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਨੂੰ ਵਾਪਸ ਲਿਆਉਣ ਜਾਂ ਕਿਸੇ ਹੋਰ ਦੇਸ਼ ਵਿੱਚ ਤਬਦੀਲ ਕਰਨ ਅਤੇ ਉਨ੍ਹਾਂ ਦੀ ਸੁਰੱਖਿਅਤ ਨਿਕਾਸੀ ਲਈ ਕੰਮ ਕਰ ਰਹੇ ਹਾਂ। ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਵਾਲੇ ਯਾਤਰੀਆਂ ਦੀ ਤਸਵੀਰ ਵਿਦੇਸ਼ ਮੰਤਰੀ ਨੇ ਖੁਦ ਟਵੀਟ ਕੀਤੀ ਹੈ।

ਕਈ ਰਾਜਾਂ ਨੇ ਹਿੰਸਾ ਪ੍ਰਭਾਵਿਤ ਸੂਡਾਨ ਵਿੱਚ ਫਸੇ ਭਾਰਤੀਆਂ ਲਈ ਹੈਲਪ ਡੈਸਕ ਸਥਾਪਤ ਕੀਤੇ ਹਨ ਅਤੇ ਉਨ੍ਹਾਂ ਦੇ ਦੇਸ਼ ਪਰਤਣ 'ਤੇ ਉਨ੍ਹਾਂ ਦੀ ਯਾਤਰਾ, ਰਿਹਾਇਸ਼ ਅਤੇ ਖਾਣ-ਪੀਣ ਦੇ ਮੁਫਤ ਪ੍ਰਬੰਧਾਂ ਦਾ ਐਲਾਨ ਕੀਤਾ ਹੈ। ਕੇਰਲ ਸਰਕਾਰ ਨੇ ਕਿਹਾ ਕਿ ਉਹ ਕੇਂਦਰ ਦੁਆਰਾ ਸੂਡਾਨ ਤੋਂ ਲਿਆਂਦੇ ਜਾ ਰਹੇ ਮਲਿਆਲੀਆਂ ਨੂੰ ਉਨ੍ਹਾਂ ਦੇ ਗ੍ਰਹਿ ਰਾਜ ਵਿੱਚ ਲਿਆਉਣ ਲਈ ਜ਼ਰੂਰੀ ਪ੍ਰਬੰਧ ਕਰੇਗੀ।

# ਕਤਰ ਦੀ ਕੈਦ ਵਿੱਚ ਹਨ ਭਾਰਤੀ ਜਲ ਸੈਨਾ ਦੇ 8 ਸੇਵਾਮੁਕਤ ਅਧਿਕਾਰੀ, ਮਿਲੀ ਹੋਈ ਹੈ ਮੌਤ ਦੀ ਸਜ਼ਾ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ): ਬੀਤੇ ਸਾਲ 30 ਅਗਸਤ ਨੂੰ ਕਤਰ ਦੀ ਖੁਫੀਆ ਇਕਾਈ ਨੇ ਬਿਨਾਂ ਕੋਈ ਕਾਰਨ ਦੱਸੇ ਭਾਰਤੀ ਜਲ ਸੈਨਾ ਦੇ ਅੱਠ ਸੇਵਾਮੁਕਤ ਅਧਿਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ। ਕੈਪਟਨ ਨਵਤੇਜ ਸਿੰਘ ਗਿੱਲ, ਕੈਪਟਨ ਬੀਰੇਂਦਰ ਕੁਮਾਰ ਵਰਮਾ, ਕੈਪਟਨ ਸੌਰਭ ਵਸ਼ਿਸ਼ਟ, ਕਮਾਂਡਰ ਸੁਗਨਾਕਰ ਪਕਾਲਾ, ਕਮਾਂਡਰ ਪੂਰਨੇਂਦੂ ਤਿਵਾੜੀ, ਕਮਾਂਡਰ ਅਮਿਤ ਨਾਗਪਾਲ, ਕਮਾਂਡਰ ਸੰਜੀਵ ਗੁਪਤਾ ਅਤੇ ਸੇਲਰ ਰਾਗੇਸ਼ ਦੀ ਜਾਨ ਨੂੰ ਖਤਰਾ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਨੂੰ ਆਪਣੇ ਟਵੀਟ ਵਿੱਚ ਕਿਹਾ, ਅਗਸਤ 2022 ਤੋਂ ਕਤਰ ਵਿੱਚ ਇਕਾਂਤ ਕੈਦ ਵਿੱਚ ਰੱਖੇ ਗਏ ਅੱਠ ਭਾਰਤੀ ਜਲ ਸੈਨਾ ਦੇ ਸਾਬਕਾ ਸੈਨਿਕਾਂ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਭਾਰਤ ਨਾਲ 'ਦੋਸ਼ ਅਜੇ ਸਾਂਝੇ



ਨਹੀਂ ਕੀਤੇ ਗਏ' ਹਨ।

ਮਲਿਕਾਰਜੁਨ ਖੜਗੇ ਨੇ ਆਪਣੇ ਟਵੀਟ 'ਚ ਲਿਖਿਆ ਕਿ ਭਾਰਤ ਅਤੇ ਕਤਰ 2023 ਵਿੱਚ ਕੂਟਨੀਤਕ ਸਬੰਧਾਂ ਦੇ 50ਵੇਂ ਸਾਲ ਦਾ ਜਸ਼ਨ ਮਨਾ ਰਹੇ ਹਨ। ਇਸ ਤੋਂ ਇਲਾਵਾ, ਭਾਰਤੀ ਕਤਰ ਵਿੱਚ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਬਣਦੇ ਹਨ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸੰਸਦ 'ਚ ਇਸ ਮਾਮਲੇ ਨੂੰ 'ਬਹੁਤ ਸੰਵੇਦਨਸ਼ੀਲ' ਦੱਸਿਆ ਸੀ। ਪਿਛਲੇ ਸਾਲ ਭਾਜਪਾ ਬੁਲਾਰੇ ਨੂਪੁਰ ਸ਼ਰਮਾ ਵੱਲੋਂ ਪੈਗੰਬਰ ਮੁਹੰਮਦ 'ਤੇ ਕੀਤੀ ਗਈ ਇਤਰਾਜ਼ਯੋਗ ਟਿੱਪਣੀ 'ਤੇ ਸਖ਼ਤ ਪ੍ਰਤੀਕਿਰਿਆ ਦੇਣ ਵਾਲਾ ਕਤਰ ਪਹਿਲਾ ਦੇਸ਼ ਸੀ। ਉਦੋਂ ਕਤਰ ਨੇ ਇਸ ਮੁੱਦੇ 'ਤੇ ਭਾਰਤ ਤੋਂ ਜਨਤਕ ਮਾਫੀ ਮੰਗਣ ਦੀ ਮੰਗ ਕੀਤੀ ਸੀ। ਭਾਰਤੀ ਰਾਜਦੂਤ ਨੂੰ ਵੀ ਤਲਬ ਕੀਤਾ ਗਿਆ ਸੀ।

ਭਾਰਤੀ ਜਲ ਸੈਨਾ ਦੇ ਸੇਵਾਮੁਕਤ ਅਧਿਕਾਰੀ ਕਤਰ ਦੀ ਜਲ ਸੈਨਾ ਨੂੰ ਸਿਖਲਾਈ ਦੇ ਰਹੇ ਸਨ। ਇਸ ਦੇ ਲਈ ਉਸ ਦਾ 'ਦਹਰਾ ਗਲੋਬਲ ਟੈਕਨਾਲੋਜੀਜ਼ ਐਂਡ ਕੰਸਲਟੈਂਸੀ' ਕੰਪਨੀ ਨਾਲ ਇਕਰਾਰਨਾਮਾ ਸੀ। ਗ੍ਰਿਫਤਾਰੀ ਦੇ ਨਾਲ ਹੀ, ਕੰਪਨੀ ਦੇ ਮੁਖੀ, ਉਮਾਨ ਏਅਰ ਫੋਰਸ ਦੇ ਸੇਵਾਮੁਕਤ ਸਕੁਐਡਰਨ ਲੀਡਰ ਖਾਮਿਸ ਅਲ ਅਜਮੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ, ਹਾਲਾਂਕਿ ਉਸਨੂੰ ਤਿੰਨ ਮਹੀਨਿਆਂ ਦੀ ਪੁੱਛਗਿੱਛ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕਤਰ ਵਿਚ ਕੈਦ ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀਆਂ ਨੂੰ ਰਿਹਾਅ ਕਰਵਾਉਣ ਲਈ ਕਾਨੂੰਨੀ ਅਤੇ ਕੂਟਨੀਤਕ ਪੱਧਰ 'ਤੇ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਸਫਲ ਨਹੀਂ ਹੋ ਸਕੇ।

# ਭਾਰਤ-ਅਮਰੀਕਾ ਸਬੰਧ ਦੁਨੀਆ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ: ਅਮਰੀਕੀ ਰਾਜਦੂਤ ਐਰਿਕ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ): ਭਾਰਤ ਵਿੱਚ ਅਮਰੀਕਾ ਦੇ ਨਵ-ਨਿਯੁਕਤ ਰਾਜਦੂਤ ਐਰਿਕ ਗਾਰਸੇਟੀ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਸਬੰਧ ਵਿਸ਼ਵ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਕਈ ਮੁੱਦਿਆਂ 'ਤੇ ਇਕੱਠੇ ਕੰਮ ਕਰ ਰਹੇ ਹਨ ਅਤੇ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਦੱਸ ਦੇਈਏ ਕਿ ਯੂਐਸ ਇੰਡੀਆ ਸਮਿਟ ਦਾ ਆਯੋਜਨ ਅਮਰੀਕੀ ਸੰਸਦ ਦੇ ਇੰਡੀਆ ਕਾਕਸ ਦੇ ਸਹਿ ਪ੍ਰਧਾਨ ਰੋ ਖੰਨਾ ਅਤੇ ਮਾਈਕਲ ਵਾਲਟਜ਼ ਨੇ ਕੀਤਾ ਸੀ। ਏਰਿਕ ਗਾਰਸੇਟੀ ਨੇ ਇਹ ਗੱਲਾਂ ਇਸੇ ਸਮਾਗਮ ਵਿੱਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੂੰ ਸੰਬੋਧਨ ਕਰਦਿਆਂ ਕਹੀਆਂ।



ਆਪਣੇ ਸੰਬੋਧਨ ਵਿਚ ਐਰਿਕ ਗਾਰਸੇਟੀ ਨੇ ਕਿਹਾ ਕਿ 'ਦੁਨੀਆਂ ਵਿਚ ਅਜਿਹੇ ਰਿਸ਼ਤੇ ਬਹੁਤ ਘੱਟ ਹਨ, ਜੋ ਭਾਰਤ ਅਤੇ ਅਮਰੀਕਾ ਲਈ ਜ਼ਿਆਦਾ ਮਹੱਤਵਪੂਰਨ ਹਨ। ਸਾਡਾ ਰਿਸ਼ਤਾ ਸੰਸਾਰ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹੈ। ਜਿਵੇਂ ਕਿ ਰਾਸ਼ਟਰਪਤੀ ਜੋ ਬਾਈਡਨ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਲਾਜ਼ਮੀ ਸਹਿਯੋਗੀ ਹਨ। ਗਾਰਸੇਟੀ ਨੇ ਕਿਹਾ ਕਿ 'ਮੈਂ ਰਾਸ਼ਟਰਪਤੀ ਜੋ ਬਾਈਡਨ ਨੂੰ ਉਸ ਸਮੇਂ ਮਿਲਿਆ ਜਦੋਂ ਮੈਂ ਭਾਰਤ ਜਾ ਰਿਹਾ ਸੀ। ਇਸ ਮੁਲਾਕਾਤ ਵਿੱਚ ਜਦੋਂ ਮੈਂ ਉਨ੍ਹਾਂ ਨੂੰ ਭਾਰਤ-ਅਮਰੀਕੀ ਸਬੰਧਾਂ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਮਾਂ ਬਹੁਤ ਨਾਜ਼ੁਕ ਹੈ ਅਤੇ ਇਹ ਸਮੁੱਚੀ ਧਰਤੀ ਲਈ ਬਹੁਤ ਹੀ ਨਾਜ਼ੁਕ ਸਮਾਂ ਹੈ ਅਤੇ ਨਾਲ ਹੀ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਵੀ ਮਹੱਤਵਪੂਰਨ ਸਮਾਂ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਜ਼ਾਦੀ ਦੇ 75 ਸਾਲ ਅਤੇ ਅਧਿਆਪਕ ਸਿਖਿਆ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ

ਅੰਮ੍ਰਿਤਸਰ, 26 ਅਪ੍ਰੈਲ (ਪੋਸਟ ਬਿਊਰੋ ): ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ ਪ੍ਰੋਗਰਾਮਾਂ ਦੀ ਲੜੀ ਤਹਿਤ ਭਾਰਤ ਦੀ ਆਜ਼ਾਦੀ ਦੇ 75 ਸਾਲ ਅਤੇ ਅਧਿਆਪਕ ਸਿਖਿਆ ਵਿਸ਼ੇ 'ਤੇ ਇਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਦੀ ਅਗਵਾਈ ਵਿਚ ਕਰਵਾਇਆ ਗਿਆ।

ਨੈਸ਼ਨਲ ਕੌਂਸਲ ਆਫ ਟੀਚਰ ਐਜੂਕੇਸ਼ਨ ਨਵੀਂ ਦਿੱਲੀ ਦੇ ਉਤਰ ਖੇਤਰੀ ਕਮੇਟੀ ਦੇ ਚੇਅਰਮੈਨ, ਡਾ. ਬਨਵਾਰੀ ਲਾਲ ਨਾਤਿਆ ਇਸ ਮੌਕੇ ਮੁੱਖ ਵਕਤਾ ਦੇ ਤੌਰ 'ਤੇ ਸ਼ਾਮਿਲ ਹੋਏ। ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ ਤੋਂ ਡਾ. ਸੁਰਿੰਦਰ ਕੁਮਾਰ ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।



ਡਾ. ਬਨਵਾਰੀ ਲਾਲ ਨਾਤਿਆ ਨੇ ਅਧਿਆਪਨ ਨੂੰ ਇਕ ਮਿਸ਼ਨ ਦਸਦਿਆਂ ਸਰੀਰਿਕ ਸਿਖਿਆ ਵਿਭਾਗ ਅਤੇ ਸਿਖਿਆ ਵਿਭਾਗ ਦੇ ਵਿਦਿਆਰਥੀਆਂ ਨੂੰ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਸਿਖਿਆ ਹੀ ਜੀਵਨ ਦਾ ਮੂਲ ਆਧਾਰ ਹੈ ਅਤੇ ਸਿਖਿਆ ਤੋਂ ਬਿਨਾ ਜ਼ਿੰਦਗੀ ਇਕ ਭਾਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਸਾਡੇ ਰਾਸ਼ਟਰ ਨਿਰਮਾਤਾ ਹਨ ਅਤੇ ਅਧਿਆਪਕਾਂ ਵੱਲੋਂ ਦਿੱਤੀ ਗਈ ਸਿਖਿਆ ਨੇ ਹੀ ਦੇਸ਼ ਦਾ ਭਵਿੱਖ ਤੈਅ ਕਰਨਾ ਹੁੰਦਾ ਹੈ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਉਹ ਨਿਰਸੁਆਰਥ ਹੋ ਕੇ ਵਿਦਿਆਰਥੀਆਂ ਨੂੰ ਸਿਖਿਆ ਮੁਹਈਆ ਕਰਵਾਉਣ ਤਾਂ ਜੋ ਉਹ ਆਪਣੀ, ਆਪਣੇ ਪਰਿਵਾਰ ਦੀ ਤਰੱਕੀ ਕਰਦਿਆਂ ਆਪਣੇ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾ ਸਕਣ।

ਡੀਨ ਵਿਦਿਆਰਥੀ ਭਲਾਈ, ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਮੁੱਖ ਵਕਤਾ ਅਤੇ ਹੋਰ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀਆਂ ਮੋਹਰੀ ਯੂਨੀਵਰਸਿਟੀਆਂ ਵਿਚੋਂ ਇਕ ਹੈ ਅਤੇ ਇਸ ਵਿਚੋਂ ਸਿਖਿਆ ਪ੍ਰਾਪਤ ਕਰਕੇ ਵਿਦਿਆਰਥੀ ਦੇਸ਼ ਵਿਦੇਸ਼ਾਂ ਵਿਚ ਵੱਡੀਆਂ ਥਾਵਾਂ 'ਤੇ ਕਾਰਜ ਕਰ ਰਹੇ ਹਨ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਿਥੇ ਖੋਜ ਵਿਚ ਆਪਣਾ ਵਧੀਆ ਯੋਗਦਾਨ ਪਾ ਰਹੀ ਹੈ ਉਥੇ ਯੂਨੀਵਰਸਿਟੀ ਦੇ ਅਧਿਆਪਕ ਵਿਦਿਆਰਥੀਆਂ ਨੂੰ ਉਚ ਪਾਏ ਦੀ ਸਿਖਿਆ ਮੁਹਈਆ ਕਰਵਾਉਣ ਲਈ ਹਮੇਸ਼ਾ ਵਚਨਬੱਧ ਹਨ।

ਇਸ ਮੌਕੇ ਡਾ. ਸੁਖਦੇਵ ਸਿੰਘ, ਡਾ. ਅਮਿਤ ਕੌਟਸ, ਡਾ. ਦੀਪਾ ਸਿਕੰਦ ਕੌਟਸ, ਡਾ. ਅਮਨਦੀਪ ਸਿੰਘ, ਡਾ. ਬਲਜਿੰਦਰ ਸਿੰਘ, ਡਾ. ਪਰਮਿੰਦਰ ਸਿੰਘ, ਡਾ. ਗਗਨਦੀਪ ਕੌਰ, ਡਾ. ਫਰੈਂਕੀ ਸਮੇਤ 30 ਅਧਿਆਪਕਾਂ ਅਤੇ 300 ਵਿਦਿਆਰਥੀ ਹਾਜ਼ਰ ਸਨ। ਸਰੀਰਿਕ ਸਿਖਿਆ ਵਿਭਾਗ ਦੇ ਮੁਖੀ, ਡਾ. ਅਮਨਦੀਪ ਸਿੰਘ ਨੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਇਸ ਭਾਸ਼ਣ ਤੋਂ ਪ੍ਰੇਰਨਾ ਲੈਣ ਲਈ ਸੱਦਾ ਦਿੱਤਾ।

ਯੂਨੀਵਰਸਿਟੀ ਬਿਜ਼ਨਸ ਸਕੂਲ ਵੱਲੋਂ 'ਅਨਬਾਕਸਿੰਗ ਫਿਊਚਰਜ਼ ਐਂਡ ਆਪਸ਼ਨਜ਼' 'ਤੇ ਵੈਬੀਨਾਰ ਦਾ ਆਯੋਜਨ

ਅੰਮ੍ਰਿਤਸਰ, 26 ਅਪ੍ਰੈਲ, 2023 ( )- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਨੀਵਰਸਿਟੀ ਬਿਜ਼ਨਸ ਸਕੂਲ (ਯੂ.ਬੀ.ਐਸ.) ਵੱਲੋਂ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕਰਵ-ਾਇਆ ਗਿਆ ਜਿਸ ਵਿਚ ਸ੍ਰੀ ਕਪਿਲ ਟੰਡਨ (ਮੁਖੀ, ਡਿਜੀਟਲ ਪ੍ਰੋਡਕਟਸ - ਗਰੋਥ, ਆਦਿਤਿਆ ਬਿਰਲਾ ਸਨ ਲਾਈਫ ਇੰਸ਼ੋਰੈਂਸ) ਨੇ ਸਕੂਲ ਦੇ ਵਿਦਿਆਰਥੀਆਂ ਨਾਲ 'ਅਨਬਾਕ-ਸਿੰਗ ਫਿਊਚਰਜ਼ ਐਂਡ ਆਪਸ਼ਨਜ਼'



ਵਿਸ਼ੇ 'ਤੇ ਇੰਟਰਐਕਟਿਵ ਲਾਈਵ ਭਾਸ਼ਣ ਸਾਂਝਾ ਕੀਤਾ। ਇਸ ਲੈਕਚਰ ਦਾ ਉਦੇਸ਼ ਸਿਧਾਂਤਕ ਅਧਾਰਾਂ ਅਤੇ ਵਿਹਾਰਕ ਹਕੀਕਤਾਂ ਵਿਚਕਾਰ ਪਾੜੇ ਨੂੰ ਭਰਨਾ ਸੀ।

ਵਿੱਤੀ ਅਤੇ ਡਿਜੀਟਲ ਕਾਰੋਬਾਰ ਵਿੱਚ 15 ਸਾਲਾਂ ਤੋਂ ਵੱਧ ਦਾ ਅਨੁਭਵ ਵਾਲੇ ਸ੍ਰੀ ਟੰਡਨ ਨੇ ਆਪਣੇ ਤਜ਼ਰਬੇ ਅਤੇ ਮਾਰਕੀਟ ਨਾਲ ਸਬੰਧਤ ਸੂਚਨਾ ਨੂੰ ਵਿਭਾਗ ਦੇ ਵਿਦਿਆਰਥੀਆਂ ਨਾਲ ਸਾਂਝਾ ਕਰਦਿਆਂ ਵਿੱਤੀ ਡੈਰੀਵੇਟਿਵਜ਼ ਮਾਰਕੀਟ ਬਾਰੇ ਜਾਣੂ ਕਰਵਾਇਆ। ਸ੍ਰੀ ਟੰਡਨ ਨੇ ਕਈ ਉਦਾਹਰਣਾਂ ਰਾਹੀਂ ਨੈਸ਼ਨਲ ਸਟਾਕ ਐਕਸਚੇਂਜ (ਐਨਐਸਈ) ਪਲੇਟਫਾਰਮ ਦੀ ਵਰਤੋਂ ਕਰਦਿਆਂ ਵਿਸਥਾਰ ਵਿਚ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਸਥਿਤੀਆਂ ਤੋਂ ਜਾਣੂ ਕਰਵਾਉਂਦਿਆਂ ਇਸ ਸਬੰਧੀ ਉਨ੍ਹਾਂ ਦੇ ਕਈ ਸ਼ੰਕੇ ਦੂਰ ਕੀਤੇ। ਵੈਬੀਨਾਰ ਦੇ ਅੰਤ ਵਿੱਚ, ਡਾ. ਸੁਪ੍ਰੀਤ ਸੰਧੂ, ਸਹਾਇਕ ਪ੍ਰੋਫੈਸਰ ਨੇ ਸ੍ਰੀ ਟੰਡਨ ਅਤੇ ਆਨਲਾਈਨ ਜੁੜੇ ਵਿਦਿਆਰਥੀਆਂ ਅਤੇ ਵਿਦਵਾਨਾਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਜਾਣਕਾਰੀ ਵਿਦਿਆਰਥੀਆਂ ਦੇ ਕੈਰੀਅਰ ਵਿੱਚ ਲਾਭਕਾਰੀ ਹੋਵੇਗੀ।



